# ਕੰਮੀਆਂ ਦਾ ਵਿਹੜਾ

(ਨਾਟਕ ਜਗੀਰ ਦੇ ਘਰ ਤੋਂ ਸ਼ੁਰੂ ਹੁੰਦਾ ਹੈ। ਸਟੇਜ ਸੈਟਿੰਗ ਡਾਇਰੈਕਟਰ ਸਾਧਨਾਂ ਅਨੁਸਾਰ ਆਪਣੀ ਲੋੜ ਮੁਤਾਬਕ ਕਰ ਸਕਦਾ ਹੈ।)

ਸੁੱਚਾ ਸਿੰਘ : ਦੇਖ ਜਗੀਰ ਸਿਹਾਂ, ਜੱਗਾ ਤਿੰਨ ਮਹੀਨੇ ਹੀ ਕੰਮ ਕਰਕੇ ਉਠ ਗਿਆ– ਜਿਹੜੇ ਪੈਸੇ ਤੇ ਦਾਣੇ ਮੈਂ ਅਗਾਊਂ ਦਿੱਤੇ ਹਨ– ਉਹਨਾਂ ਦਾ ਕੀ ਬਣੇਗਾ ?

ਜਗੀਰ : ਅਸੀਂ ਸਰਦਾਰਾ ਕੰਮ ਕਰਕੇ ਇਕ-ਇਕ ਪਾਈ ਚੁਕਾ ਦੇਵਾਂਗੇ।

ਸੁੱਚਾ ਸਿੰਘ : ਸੁਣਿਐ, ਜੱਗੇ ਨੇ ਰੀਕਾਡਾਂ ਦਾ ਕੰਮ ਸ਼ੁਰੂ ਕਰ ਲਿਆ।

ਜਗੀਰ : ਆਹੋ, ਮੈਂ ਭਾਵੇਂ ਨਹੀਂ ਸਾਂ ਚਾਹੁੰਦਾ ਕਿ ਉਹ ਇਹ ਕੰਮ ਕਰੇ ਪਰ ਉਹਨੇ ਮੇਰੀ ਮੰਨੀ ਨਹੀਂ।

ਸੁੱਚਾ ਸਿੰਘ : ਰੀਕਾਡਾਂ ਵਾਲੇ ਕੰਮ ਵਿਚੋਂ ਭਲਾ ਕੀ ਨਿਕਲਣਾ ਏ, ਉਹਨੂੰ ਕਹਿ ਕੰਮ ’ਤੇ ਵਾਪਸ ਆ ਜਾਏ।

ਜਗੀਰ : ਆਖ ਤੇ ਦੇਵਾਂਗਾ, ਪਰ ਉਹਨੇ ਮੰਨਣਾ ਨਹੀਂ (ਬਦਲਕੇ) ਸਰਦਾਰਾ ਬੁਰਾ ਨਾ ਮਨਾਈਂ, ਉਹਦੇ ਨਾਲ ਵਧੀਕੀ ਵੀ ਤੂੰ ਬੜੀ ਕੀਤੀ ਏ।

ਸੁੱਚਾ ਸਿੰਘ : ਕੀ ਵਧੀਕੀ ਕੀਤੀ ਏ ?

ਜਗੀਰ : ਉਹਨੇ ਇਹ ਸਮਝਕੇ ਤੇਰੇ ਕੋਲ ਕੰਮ ਸ਼ੁਰੂ ਕੀਤਾ ਸੀ ਕਿ ਖੇਤੀ ’ਚ ਕੰਮ ਕਰੇਗਾ– ਸ਼ਰਾਬ ਕੱਢਣ ਲਈ ਜਾਂ ਸ਼ਰਾਬ ਏਧਰ ਓਧਰ ਲਿਜਾਣ ਲਈ ਨਹੀਂ।

ਸੁੱਚਾ ਸਿੰਘ : ਵਧੀਕੀ ਮੈਂ ਕੀਤੀ ਏ ਕਿ ਉਹਨੇ ? ਮੇਰਾ ਸੈਂਕੜੇ ਰੁਪਿਆਂ ਦਾ ਨੁਕਸਾਨ ਕਰਵਾ ਦਿੱਤਾ।

ਜਗੀਰ : ਨੁਕਸਾਨ ਉਹਨੇ ਕਾਹਦਾ ਕਰਵਾ ਦਿੱਤਾ ?

ਸੁੱਚਾ ਸਿੰਘ : ਹੁਣ ਉਹਨੂੰ ਸਿਪਾਹੀ ਨੂੰ ਇਹ ਦੱਸਣ ਦੀ ਕੀ ਲੋੜ ਸੀ ਕਿ ਸ਼ਰਾਬ ਸੁੱਚਾ ਸਿੰਘ ਦੇ ਘਰੋਂ ਆਈ ਏ–

ਜਗੀਰ : ਸਿਪਾਹੀ ਨੇ ਜਦੋਂ ਫੜ ਹੀ ਲਿਆ ਤਾਂ ਉਹ ਕੀ ਕਹਿੰਦਾ ?

ਸੁੱਚਾ ਸਿੰਘ : ਚੁੱਪ ਰਹਿੰਦਾ ਜਾਂ ਦੋਸ਼ ਆਪਣੇ ’ਤੇ ਲੈ ਦੇਂਦਾ, ਮੈਂ ਆਪਣਾ ਰਸੂਖ ਵਰਤ ਲੈਂਦਾ।

ਜਗੀਰ : ਰਸੂਖ ਤਾਂ ਫੇਰ ਵੀ ਤੂੰ ਆਪਣਾ ਵਰਤ ਲਿਆ, ਭਰੀ ਸੱਥ ਦੇ ਸਾਹਮਣੇ ਉਹਨੂੰ ਜੁੱਤੀਆਂ ਲਗਵਾ ਦਿੱਤੀਆਂ।

ਸੁੱਚਾ ਸਿੰਘ : ਉਹਦੇ ਲਈ ਥਾਣੇਦਾਰ ਦੇ ਕਈ ਹਸਾਨ ਲੈਣੇ ਪਏ– ਬਾਕੀ ਹਾਲ ਪਾਰ੍ਹਿਆ ਉਹਨੇ ਬਹੁਤੀ ਪਾ ਦਿੱਤੀ ਸੀ– ਥਾਣੇਦਾਰ ਨੇ ਤਾਂ ਹਦੈਤ ਦੇ ਦਿੱਤੀ ਸੀ ਕਿ ਜ਼ੋਰ ਦੀ ਨਹੀਂ ਮਾਰਨੀਆਂ, ਸਿਰਫ਼ ਵਿਖਾਵਾ ਹੀ ਕਰਨਾ ਏ।

ਜਗੀਰ : 15 ਦਿਨ ਤਾਂ ਉਹਨੇ ਕੋਲੋਂ ਉੱਠ ਨਹੀਂ ਹੋਇਆ– ਉਹਦੀ ਭਾਬੀ ਕੋਲੋਂ ਪੁੱਛ ਜੋ ਸੇਕ ਕਰਦੀ ਰਹੀ।

ਸੁੱਚਾ ਸਿੰਘ : (ਖਚਰੀ ਹਾਸੀ ਹੱਸ ਕੇ) ਸੇਵਾ ਕਰਵਾਉਣ ਦੇ ਮਾਰੇ ਹੀ ਬਹੁਤ ਰੌਲਾ ਪਾਉਂਦਾ ਹੋਣਾ ਏਂ–ਸ਼ੁਕਰ ਕਰੇ ਉਹਨੂੰ ਭਾਬੀ ਕੋਲੋਂ ਸੇਵਾ ਕਰਵਾਉਣ ਦਾ ਮੌਕਾ ਮਿਲ ਗਿਆ। ਨਾਲੇ ਭਾਬੀਆਂ ਕਿਹੜਾ ਦਿਉਰਾਂ ਦੀ ਸੇਵਾ ਕਰਕੇ ਘੱਟ ਖੁਸ਼ ਹੁੰਦੀਆਂ ਨੇ ?

ਬਿਸ਼ਨੀ : (ਇਕ ਪਾਸਿਉਂ ਘੁੰਡ ਚੁੱਕ ਕੇ) ਇਹਨੂੰ ਕਹੋ ਕਿ ਦਿਉਰ ਨੇ ਸ਼ੌਂਕ ਪੂਰਾ ਕਰ ਲਿਆ ਏ, ਜੇਠ ਵੀ ਕਰਵਾ ਲਵੇ।

ਜਗੀਰ : ਤੂੰ ਵਿਚ ਨਾ ਬੋਲ ਬਿਸ਼ਨੀਏ।

ਬਿਸ਼ਨੀ : ਮੈਂ ਕਿਉਂ ਨਾ ਬੋਲਾਂ– ਨਾਲੇ ਵਿਚਾਰੇ ਦੇ ਹੱਡ ਕੁੱਟਵਾ ਦਿੱਤੇ ਤੇ ਨਾਲੇ ਟਿੱਚਰਾਂ ਕਰਦਾ ਏ।

ਜਗੀਰ : ਸਰਦਾਰਾ ਤੇਰੀਆਂ ਇਨ੍ਹਾਂ ਗੱਲਾਂ ਨਾਲ ਹੀ ਜੱਗੇ ਨੂੰ ਚਿੜ ਏ ਅਖੇ ਨਾਲੇ ਕੁੱਟਵਾ ਦਿੱਤਾ ਨਾਲੇ ਝੇਡਾਂ ਕਰਦਾ ਏ।

ਸੁੱਚਾ ਸਿੰਘ : ਇਕ ਵਾਰੀ ਉਹਨੂੰ ਮੇਰੇ ਕੋਲ ਭੇਜੀਂ ਮੈਂ ਮਨਾ ਲਵਾਂਗਾ– ਇਸ ਵਾਰ ਕੱਢੀ ਵੀ ਜਾਇਕੇਦਾਰ ਏ, ਨਾਲੇ ਘੁੱਟ ਲਾ ਲਵੇਗਾ ਤੇ ਨਾਲੇ ਬੋਤਲਾਂ ਪੁਚਾ ਆਏਗਾ–

ਜਗੀਰ : ਅੱਛਾ ਆਖ ਵੇਖਾਂਗਾ।

ਸੁੱਚਾ : ਆ ਜਾਵੇਗਾ ਤਾਂ ਕੁਝ ਖੱਟ ਹੀ ਲਵੇਗਾ (ਜਾਂਦੇ ਹੋਏ) ਬਾਕੀ ਭੁੱਲਣਾ ਨਾ ਰਕਮ ਤੁਹਾਡੇ ਉੱਤੇ ਖੜ੍ਹੀ ਏ। (ਜਾਂਦਾ ਏ।)

ਬਿਸ਼ਨੀ : (ਜਗੀਰ ਨੂੰ) ਮੇਰੀ ਸੁਣ ਲੈ, ਰਕਮ ਖਲੋਤੀ ਏ ਤਾਂ ਬੰਦੋਬਸਤ ਕਰਨ ਦੀ ਸੋਚਾਂਗੇ– ਅਸੀਂ ਨਹੀਂ ਭੇਜਣਾ ਜੱਗੇ ਨੂੰ–

ਜਗੀਰ : ਮੈਂ ਕਿਹੜਾ ਭੇਜ ਕੇ ਰਾਜ਼ੀ ਹਾਂ। ਮੈਨੂੰ ਇਹ ਜੂਠ ਉਂਈ ਚੰਗੀ ਨਹੀਂ ਲਗਦੀ, ਇਹਦੇ ਬਾਪੂ ਜੀ ਦਾ ਮੈਨੂੰ ਲਿਹਾਜ਼ ਏ ਨਹੀਂ ਤਾਂ ਥੋੜ੍ਹੀਆਂ ਸੁਣਾਉਂਦਾ।

ਬਿਸ਼ਨੀ : ਇਹਦੇ ਬਾਪੂ ਹੋਰੀਂ ਤਾਂ ਨੇਕ ਬੰਦੇ ਨੇ ?

ਜਗੀਰ : ਪੁਰਾਣੇ ਦੇਸ਼ ਭਗਤ, ਲੋਕਾਂ ਖ਼ਾਤਰ ਕਿੰਨੀ ਵਾਰੀ ਜੇਲ੍ਹ ਗਏ। ਇਹ ਪਤਾ ਨਹੀਂ ਕਿਹਦੇ ਉੱਪਰ ਗਿਆ ?

ਬਿਸ਼ਨੀ : ਵਿਹੜੇ ਵਾਲੀਆਂ ਦਸਦੀਆਂ ਨੇ ਇਹਦੀ ਮਾਂ ਕੁਲਹਿਣੀ ਸੀ।

ਜਗੀਰ : ਬਾਪੂ ਹੋਰੀਂ ਤਾਂ ਬਹੁਤ ਚਿਰ ਜੇਲ੍ਹਾਂ ਵਿਚ ਹੀ ਰਹੇ ਤੇ ਪਿਛੋਂ ਇਹ ਮਾਂ-ਪੁੱਤ ਆਪਣੀ ਰੌਂ ਹੀ ਚਲਦੇ ਰਹੇ।

ਬਿਸ਼ਨੀ : ਜੱਗੇ ਦੀ ਸਪੀਕਰਾਂ ਵਾਲੇ ਕੰਮ ਵਿਚ ਭਾਵੇਂ ਕਮਾਈ ਥੋੜ੍ਹੀ ਏ ਪਰ ਇਹਦੀ ਸ਼ਰਾਬ ਤੋਂ ਤਾਂ ਬਚਿਆ ਹੋਇਆ ਏ, ਰੋਜ਼ ਰਾਤੀ ਪਿਆ ਛੱਡਦਾ ਸੀ।

ਜਗੀਰ : ਇਹ ਤਾਂ ਠੀਕ ਏ।

ਬਿਸ਼ਨੀ : ਇਹਨੂੰ ਤਾਂ ਕੌਲੀ ਪਿਆ ਦੇਣ ਨਾਲ ਕੋਈ ਫ਼ਰਕ ਨਹੀਂ ਪੈਂਦਾ, ਪਰ ਜੱਗੇ ਨੂੰ ਇਕ ਵਾਰੀ ਲੱਗ ਗਈ ਤਾਂ ਲਹਿਣੀ ਨਹੀਂ ਸਾਰੀ ਉਮਰ।

ਜਗੀਰ : ਪਰ ਇਹਦੇ ਪੈਸਿਆਂ ਦਾ ਤਾਂ ਕੁਝ ਕਰਨਾ ਹੋਇਆ।

ਬਿਸ਼ਨੀ : ਮੈਂ ਦੋ ਘਰਾਂ ਦਾ ਕੂੜਾ ਹੋਰ ਥੱਪ ਲਿਆ ਕਰੂੰ।

ਜਗੀਰ : ਤੂੰ ਇਨ੍ਹਾਂ ਦੇ ਘਰੇ ਹੀ ਥੱਪ ਆਇਆ ਕਰ-ਸਰਦਾਰਨੀ ਤਾਂ ਮਾੜੀ ਨਹੀਂ।

ਬਿਸ਼ਨੀ : ਨਾ ਮੈਂ ਇਹਦੇ ਘਰ ਨਹੀਂ ਜਾਣਾ, ਭਾਵੇਂ ਸਰਦਾਰਨੀ ਨਹੀਂ ਪਰ ਉਹ ਤਾਂ ਅੰਦਰ ਵਾਲੇ ਘਰ ਹੁੰਦੀ ਏ ਤੇ ਬਾਹਰਲੇ ਵਿਹੜੇ ਇਹਦੇ ਹਮੇਸ਼ਾਂ ਦੋ-ਚਾਰ ਮੁਸ਼ਟੰਡੇ ਬੈਠੇ ਰਹਿੰਦੇ ਨੇ।

ਜਗੀਰ : ਨਾ ਤੈਨੂੰ ਉਹ ਮੁਸ਼ਟੰਡੇ ਕੀ ਕਹਿੰਦੇ ਨੇ ?

ਬਿਸ਼ਨੀ : ਓਹੋ, ਜੋ ਮੁਸ਼ਟੰਡੇ ਕਹਿੰਦੇ ਹੁੰਦੇ ਨੇ- ਨਜ਼ਰਾਂ ਵੀ ਮੈਲੀਆਂ ਤੇ ਇਸ਼ਾਰੇ ਵੀ ਮੈਲੇ।

ਜਗੀਰ : ਚੱਲ ਹੋਰ ਘਰ ਵੇਖ ਲਵੀਂ- ਉਂਜ ਜਦੋਂ ਦੀ ਛਿੰਦੇ ਦੀ ਲਾਹ ਪਾਹ ਹੋਈ ਏ, ਵੈਲੀਆਂ ਦੀ ਹਿੰਮਤ ਨਹੀਂ ਕਿ ਕਿਸੇ ਵਿਹੜੇ ਵਾਲੀ ਨੂੰ ਛੇੜ ਜਾਣ।

ਬਿਸ਼ਨੀ : ਤੇ ਲਾਹ ਪਾਹ ਕਰਨ ਵਾਲਿਆਂ ਵਿਚ ਸਾਰਿਆਂ ਨਾਲੋਂ ਮੂਹਰੇ ਕਾਲਜ ਦੇ ਮੁੰਡੇ ਸੀ- ਤੇ ਬਹੁਤੇ ਉਨ੍ਹਾਂ ਵਿਚਂ ਜੋਗੇ ਦੇ ਬੇਲੀ ਨੇ, ਸਭਾ ਬਣਾਈ ਏ ਸਭ ਨੇ ਰਲ ਕੇ।

ਜਗੀਰ : ਆਹੋ ਸੁਣਿਆ ਸਭਾ ਵਾਲੇ ਮੁੰਡੇ ਤਾਂ ਸਾਰੇ ਚੰਗੇ ਨੇ।

ਬਿਸ਼ਨੀ : ਉਨ੍ਹਾਂ ਦੇ ਕਹੇ ਜੱਗੇ ਨੇ ਹੁਣ ਉਹ ਸਾਰੇ ਗੰਦੇ ਰੀਕਾਟ ਵੀ ਆਪਣੀ ਮਸ਼ੀਨ 'ਤੇ ਵਜਾਉਣੇ ਬੰਦ ਕਰ ਦਿੱਤੇ ਨੇ, ਜਿਨ੍ਹਾਂ ਵਿਚ ਭੈੜੀਆਂ ਗੱਲਾਂ ਗਾਈਆਂ ਜਾਂਦੀਆਂ ਨੇ।

ਜਗੀਰ : ਫੇਰ ਉਹਦੀ ਆਪਣਾ ਕੰਮ ਬੰਦ ਕਰਨ ਦੀ ਸਲਾਹ ਲਗਦੀ ਏ।

ਬਿਸ਼ਨੀ : ਕਿਉਂ ?

ਜਗੀਰ : ਰੀਕਾਟ ਹੋਣ, ਰੀਲਾਂ ਹੋਣ, ਚਲਦੀਆਂ ਉਹੀ ਨੇ ਜਿਨ੍ਹਾਂ ਵਿਚ ਕੁਝ ਨਾ ਕੁਝ ਗੰਦ ਬਕਿਆ ਹੋਵੇ।

ਬਿਸ਼ਨੀ : ਤੈਨੂੰ ਵੀ ਓਹੋ ਚੰਗੇ ਲਗਦੇ ਨੇ।

ਜਗੀਰ : ਮੇਰੇ ਕੋਲ ਵਿਹਲ ਕਿੱਥੇ ਕੁਝ ਸੁਣਨ ਲਈ, ਬਾਪੂ ਦੀ ਕਬੀਲਦਾਰੀ ਨੇ ਊਈਂ ਲੱਕ ਤੋੜਿਆ ਹੋਇਆ ਏ।

ਬਿਸ਼ਨੀ : ਪਰ ਜਦੋਂ ਸਰਦਾਰਾਂ ਦੇ ਮੁੰਡੇ ਦੇ ਵਿਆਹ ’ਤੇ ਗਾਉਣ ਵਾਲੀ ਆਈ ਸੀ ਤਾਂ ਅੱਧੀ ਰਾਤ ਤੱਕ ਉਥੇ ਹੀ ਘੁੰਮਦਾ ਰਿਹਾ ਸੀ।

ਜਗੀਰ : ਤੂੰ ਉਥੇ ਕਿੱਥੇ ਸੀ ?

ਬਿਸ਼ਨੀ : ਮੈਂ ਵੀ ਕੋਠੇ ’ਤੇ ਖੜ੍ਹੀ ਸੀ।

ਜਗੀਰ : ਤੂੰ ਉਥੇ ਕੀ ਪਈ ਕਰਦੀ ਸੀ ?

ਬਿਸ਼ਨੀ : ਤੈਨੂੰ ਪਈ ਵੇਖਦੀ ਸੀ।

ਜਗੀਰ : ਮੇਰੇ ਵਿਚ ਕੀ ਸੀ ਵੇਖਣ ਵਾਲੀ ਗੱਲ ?

ਬਿਸ਼ਨੀ : ਮਾੜੀ ਵੀ ਸੀ ਤੇ ਚੰਗੀ ਵੀ ਸੀ।

ਜਗੀਰ : ਸਾਫ਼ ਦੱਸ ਮਾੜਾ ਕੀ ਸੀ ਤੇ ਚੰਗਾ ਕੀ ਸੀ ? ਬੁਝਾਰਤਾਂ ਜਿਹੀਆਂ ਪਾਈ ਜਾਨੀਂ ਏ।

ਬਿਸ਼ਨੀ : ਤੈਨੂੰ ਹੱਸਦਾ ਵੇਖ ਕੇ ਚੰਗਾ ਲੱਗਿਆ, ਉਂਜ ਤਾਂ ਤੂੰ ਹਮੇਸ਼ਾਂ ਹੀ ਫ਼ਿਕਰਾਂ ਵਿਚ ਹੀ ਡੁੱਬਿਆ ਰਹਿਨਾ ਏਂ ਤੇ ਮਾੜੀਆਂ ਤੇਰੀਆਂ ਅੱਖਾਂ ਲੱਗੀਆਂ ਜੋ ਗਾਉਣ ਵਾਲੀ ਉਤੇ ਗੱਡੀਆਂ ਹੋਈਆਂ ਸਨ, ਉਂਜ ਮਰਦ ਭਾਵੇਂ ਕੋਈ ਹੋਵੇ, ਦਾਅ ਲੱਗਣ ’ਤੇ ਅੱਖ ਮੈਲੀ ਕਰਨ ਤੋਂ ਨਹੀਂ ਟੋਲਦਾ।

ਜਗੀਰ : ਤੈਨੂੰ ਐਵੇਂ ਗਲਤੀ ਲੱਗੀ ਏ, ਸਹੁੰ ਗੁਰੂ ਦੀ ਮੈਂ ਇਹੋ ਜਿਹਾ ਨਹੀਂ।

ਬਿਸਨੀ : ਚੱਲ ਸਫ਼ਾਈਆਂ ਪੇਸ਼ ਨਾ ਕਰ, ਮੈਂ ਨਹੀਂ ਕੁਝ ਆਖਦੀ, ਸਾਹਮਣੇ ਵੇਖ ਕੇ ਤਾਂ ਰਿਸ਼ੀਆਂ-ਮੁਨੀਆਂ ਦੇ ਸਿੰਘਾਸਨ ਡੋਲ ਜਾਂਦੇ ਨੇ, ਤੂੰ ਕਿਹੜਿਆਂ ਵਿਚੋਂ ਏਂ ?

ਜਗੀਰ : ਤੁਹਾਨੂੰ ਤੀਵੀਆਂ ਨੂੰ ਹਮੇਸ਼ਾਂ ਸ਼ੱਕ ਹੀ ਲੱਗਾ ਰਹਿੰਦਾ ਏ।

ਬਿਸ਼ਨੀ : ਤਾਬਾਂ ਨੇ ਵੀ ਤੈਨੂੰ ਵੇਖਿਆ ਤੇ ਕਿਹਾ ਬਿਸ਼ਨੀਏ, ਸੰਭਾਲ ਲੈ ਆਪਣੇ ਮਰਦ ਨੂੰ ਇਹ ਹੁਣ ਗਿਆ ਤੇਰੇ ਹੱਥੋਂ-

ਜਗੀਰ : ਤੇ ਤੂੰ ਕੀ ਕਿਹਾ ?

ਬਿਸ਼ਨੀ : ਮੈਂ ਕਿਹਾ ਤਾਈ ਦੋ ਘੜੀਆਂ ਹੱਸ ਲੈਣ ਦੇ ਸੂ- ਨਹੀਂ ਜਾਂਦਾ ਕਿਤੇ।

ਜਗੀਰ : ਆਹੋ ਜਾਣਾ ਕਿੱਥੇ ? ਮੁੜ ਘਿੜਕੇ ਖੋਤੀ ਬੋਹੜ ਥੱਲੇ।

ਬਿਸ਼ਨੀ : ਇਹਦਾ ਭਲਾ ਕੀ ਮਤਲਬ ਹੋਇਆ ?

ਜਗੀਰ : ਮਤਲਬ ਇਹ ਹੋਇਆ ਕਿ ਸਾਡਾ ਤੇਰੇ ਬਿਨਾਂ ਗੁਜ਼ਾਰਾ ਨਹੀਂ। ਉਂਜ ਸੱਚਮੁਚ ਤੂੰ ਬਹਾਦਰ ਤੀਵੀਂ ਏਂ, ਕੋਈ ਹੋਰ ਹੁੰਦੀ ਤਾਂ ਚੰਦੋ ਦੇ ਵਿਆਹ ਵੇਲੇ ਹੀ ਕਲੇਸ਼ ਪਾ ਦਿੰਦੀ ਕਿ ਏਨਾ ਕਰਜ਼ਾ ਕਿਉਂ ਪਿਆ

ਢੁੱਕਦਾ ਹਾਂ।

ਬਿਸ਼ਨੀ : ਮੈਂ ਕਿਉਂ ਕਲੇਸ਼ ਪਾਉਂਦੀ, ਤੂੰ ਆਪਣੇ ਬਾਪ ਨੂੰ ਮਰਨ ਲੱਗਿਆਂ ਜੋ ਵਚਨ ਦਿੱਤਾ ਉਹ ਪੂਰਾ ਕੀਤਾ ਤੇ ਇਸ ਗੱਲੋਂ ਤੂੰ ਮੈਨੂੰ ਚੰਗਾ ਲੱਗਾ–

ਜਗੀਰ : ਕਿਉਂ ?

ਬਿਸ਼ਨੀ : ਕਿਉਂਕਿ ਮੇਰੇ ਭਰਾਵਾਂ ਨੇ ਵੀ ਜਦੋਂ ਵਿਆਹ ਕੀਤਾ ਸੀ ਤਾਂ ਆਪਣੇ ਬਾਪੂ ਨਾਲ ਕੀਤਾ ਕੌਲ ਪੂਰਾ ਕੀਤਾ ਸੀ।

ਜਗੀਰ : ਚੰਗਾ ਚਾਹ ਦੇ, ਗੱਜਣ ਉਡੀਕਦਾ ਹੋਣੈ।

*(ਬਿਸ਼ਨੀ ਜਾਂਦੀ ਹੈ– ਤੇ ਬਾਹਰੋਂ ਜੱਗਾ ਗਾਉਂਦਾ ਆਉਂਦਾ ਹੈ।)*

ਜੱਗਾ : ਤੂੰ ਮੱਘਦਾ ਰਹੀਂ ਵੇ ਸੂਰਜਾ, ਕੰਮੀਆਂ ਦੇ ਵਿਹੜੇ...

ਜਗੀਰ : ਓਏ ਜੱਗਿਆ, ਇਹ ਕੋਈ ਨਵਾਂ ਰੀਕਾਟ ਆਇਆ, ਜੀਹਦੇ ਵਿਚ ਕੰਮੀਆਂ ਦੇ ਵਿਹੜੇ ਸੂਰਜ ਮੱਘਦਾ ਏ ?

ਜੱਗਾ : ਹਾਂ ਬਾਈ, ਸੰਤ ਰਾਮ ਉਦਾਸੀ ਦਾ ਲਿਖਿਆ ਏ (ਗਾਉਂਦਾ ਏ) ਮਾਂ ਧਰਤੀਏ ਤੇਰੀ ਗੋਦ ਨੂੰ, ਚੰਨ ਹੋਰ ਬਥੇਰੇ, ਤੂੰ ਮਘਦਾ ਰਹੀਂ ਵੇਂ ਸੂਰਜਾ ਕੰਮੀਆਂ ਦੇ ਵਿਹੜੇ, ਜਿਥੇ ਤੰਗ ਨਾ ਸਮਝਣ ਤੰਗੀਆਂ ਨੂੰ, ਜਿਥੇ ਮਿਲਣ ਅੰਗੂਠੇ ਸੰਘੀਆਂ ਨੂੰ, ਜਿਥੇ ਵਾਲ ਤਰਸਦੇ ਕੰਘੀਆਂ ਨੂੰ, ਨੱਕ ਵਗਦੇ ਅੱਖਾਂ ਚੁੰਨ੍ਹੀਆਂ ਤੇ ਦੰਦ ਕਰੇੜੇ, ਤੂੰ ਮੱਘਦਾ ਰਹੀਂ ਵੇ ਸੂਰਜਾ, ਕੰਮੀਆਂ ਦੇ ਵਿਹੜੇ–

ਜਗੀਰ : ਤੇਰੀ ਭਾਬੀ ਦੱਸਦੀ ਸੀ ਕਿ ਹੁਣ ਤੂੰ ਪੁਰਾਣੇ ਰੀਕਾਟ ਨਹੀਂ ਵਜਾਉਂਦਾ।

ਜੱਗਾ : ਹਾਂ ਬਾਈ ਕੁਝ ਸੋਝੀ ਆ ਗਈ ਏ।

ਜਗੀਰ : ਸੋਝੀ ?

ਜੱਗਾ : ਹਾਂ ਇਕ ਤਾਂ ਰੀਕਾਟ ਲਾਇਆ ਸੀ– ਮਾਮਲਾ ਗੜਬੜ ਹੈ। ਉਹਦੇ ਵਿਚ ਇਕ ਬੰਦ ਏ ਕਿ ਕੁੜੀ 16 ਸਾਲ ਦੀ ਹੋ ਗਈ ਤਾਂ ਮਾਮਲਾ ਗੜਬੜ ਏ– ਪਰ ਇਕ ਬਾਈ ਨੇ ਸਮਝਾਇਆ ਕਿ ਜੱਗਿਆ ਮਾਮਲਾ ਗੜਗੜ ਇਸ ਵਿਚ ਨਹੀਂ ਕਿ ਕੁੜੀ 16 ਸਾਲ ਦੀ ਹੋ ਗਈ– ਧੀਆਂ ਭੈਣਾਂ ਜੋ ਨਿੱਕੀਆਂ ਨੇ, 16 ਸਾਲ ਦੀਆਂ ਵੀ ਹੁੰਦੀਆਂ ਨੇ– ਤੇ ਸਮੇਂ ਨਾਲ ਉਹ ਵੱਡੀਆਂ ਵੀ ਹੁੰਦੀਆਂ ਨੇ ਇਸ ਵਿਚ ਮਾਮਲਾ ਕੋਈ ਗੜਬੜ ਨਹੀਂ– ਮਾਮਲਾ ਗੜਬੜ ਤਾਂ ਉਸ ਵੇਲੇ ਹੁੰਦਾ ਏ– ਜਦੋਂ ਵੱਡਿਆਂ ਦੇ ਲੋਫ਼ਰ ਮੁੰਡੇ ਕੰਮੀਆਂ ਦੀਆਂ ਧੀਆਂ ਭੈਣਾਂ ’ਤੇ ਮੈਲੀਆਂ ਨਜ਼ਰਾਂ ਰੱਖਦੇ ਨੇ, ਮਾਮਲਾ ਗੜਬੜ ਤਾਂ ਇਸ ਵਿਚ ਏ ਕਿ ਜਿਹੜੇ ਕੁਝ ਨਹੀਂ ਕਰਦੇ ਉਹ ਪੂਰੀਆਂ

ਅਯਾਸ਼ੀਆਂ ਕਰਦੇ ਨੇ ਤੇ ਜੋ ਮਿੱਟੀ ਨਾਲ ਮਿੱਟੀ ਹੁੰਦੇ ਨੇ ਉਹ ਹਮੇਸ਼ਾਂ ਥੁੜਾਂ ਵਿਚ ਰਹਿੰਦੇ ਨੇ ਤੇ ਮੈਨੂੰ ਭੂਆ ਦੀ ਗੱਲ ਯਾਦ ਆ ਗਈ।

*(ਬਿਸ਼ਨੀ ਚਾਹ ਲੈ ਕੇ ਆਉਂਦੀ ਹੈ।)*

ਬਿਸ਼ਨੀ : ਵੇ ਭੂਆ ਦੀ ਕਿਹੜੀ ਗੱਲ ?

ਜਗੀਰ : ਕੋਈ ਨਹੀਂ ਐਵੇਂ ਗੱਲ ਪਿਆ ਕਰਦਾ ਏ (ਚਾਹ ਦਾ ਗਿਲਾਸ ਰਖਦੇ ਹੋਏ) ਚੰਗਾ ਮੈਂ ਚਲਦਾ ਹਾਂ (ਜਾਂਦਾ ਹੈ ਤੇ ਮੁੜਦਾ ਹੈ) ਜੱਗਿਆ ਅੱਜ ਘਰੇ ਹੀ ਏਂ ?

ਜੱਗਾ : ਬਾਈ ਰਾਤੀਂ ਸੁੱਤਾ ਨਹੀਂ-ਹੁਣ ਕੁਝ ਸੋਵਾਂਗਾ-ਰਾਤੀਂ ਫੇਰ ਜਗਰਾਤਾ ਏ- ਇਕ ਥਾਂ।

ਜਗੀਰ : ਦੁਪਹਿਰੀਂ ਘੜੀ ਕੱਢ ਕੇ, ਸੌਦਾ ਪੱਤਾ ਲੈ ਆਵੀਂ, ਮੈਂ ਵੀ ਅੱਜ ਦੇਰ ਨਾਲ ਆਉਣਾ ਏ, ਪਾਣੀ ਦੀ ਵਾਰੀ ਏ ਗੱਜਣ ਦੇ।

ਜੱਗਾ : ਚੰਗਾ ਬਾਈ (ਬਿਸ਼ਨੀ ਚਾਹ ਲਿਆ ਕੇ ਦਿੰਦੀ ਹੈ।)

ਬਿਸ਼ਨੀ : ਵੇ ਜੱਗਿਆ, ਇਹ ਭੂਆ ਵਾਲੀ ਕੀ ਗੱਲ ਏ ?

ਜੱਗਾ : (ਟਾਲਦਾ ਹੋਇਆ) ਕੁਝ ਨਹੀਂ ਭਾਬੀ ਤੂੰ ਚਾਹ ਫੜਾ।

ਬਿਸ਼ਨੀ : ਪਹਿਲਾਂ ਦੱਸ ਫੇਰ ਚਾਹ ਦੇਵਾਂਗੀ।

ਜੱਗਾ : ਭਾਬੀ ਮੈਂ ਤਾਂ ਉਸ ਵੇਲੇ ਨਿੱਕਾ ਜਿਹਾ ਹੁੰਦਾ ਸਾਂ- ਪਰ ਮੈਨੂੰ ਯਾਦ ਏ ਭੂਆ ਮੈਨੂੰ ਬੜਾ ਪਿਆਰ ਕਰਦੀ ਸੀ। ਇਕ ਦਿਨ ਘਰ ਵਿਚ ਰੌਲਾ ਪਿਆ ਸੀ। ਭੂਆ ਸਰਦਾਰਾਂ ਦੇ ਘਰ ਕੰਮ ਕਰਨ ਗਈ ਸੀ, ਸਰਦਾਰਾਂ ਦੇ ਵੱਡੇ ਮੁੰਡੇ ਨੇ ਤੂੜੀ ਲੈਣ ਗਈ ਨੂੰ ਅੰਦਰ ਤਾੜ ਲਿਆ ਤੇ ਬਾਅਦ ਵਿਚ ਪਤਾ ਲੱਗਾ ਕਿ ਉਹਨੇ ਨਹਿਰ 'ਚ ਛਾਲ ਮਾਰ ਦਿੱਤੀ ਏ।

ਬਿਸ਼ਨੀ : ਪਰ ਮੈਂ ਤਾਂ ਸੁਣਿਆ ਸੀ ਕਿ ਕੱਪੜੇ ਧੋਣ ਗਈ ਤਾਂ ਪੈਰ ਤਿਲਕ ਗਿਆ।

ਜੱਗਾ : ਹੋਰ ਕੀ ਆਖਦੇ ?

ਬਿਸ਼ਨੀ : ਏਸੇ ਲਈ ਤਾਂ ਮੈਂ ਕਹਿੰਨੀ ਆਂ ਕਿ ਗੋਹਾ ਕੂੜਾ ਕਰਨ ਵਾਸਤੇ ਹਰ ਘਰ ਜਾਣਾ ਠੀਕ ਨਹੀਂ।

ਜੱਗਾ : ਪਰ ਭਾਬੀ ਹੁਣ ਉਹ ਗੱਲ ਨਹੀਂ- ਤੇ ਗੱਲ ਉਸ ਵੇਲੇ ਵੀ ਨਹੀਂ ਸੀ- ਚਾਚੇ ਚਰਨੇ ਨੇ ਬਦਲਾ ਲੈ ਲਿਆ ਸੀ- ਸਰਦਾਰਾਂ ਦੇ ਉਸ ਕਿਹਰੇ ਦਾ ਗਲ ਘੁੱਟ ਕੇ ਉਸੇ ਨਹਿਰ ਵਿਚ ਸੁੱਟਿਆ ਸੀ ਤੇ ਉਦੋਂ ਦਾ ਨਾ ਹੀ ਉਹ ਕਿਹਰ ਸਿੰਘ ਲੱਭਾ ਤੇ ਨਾ ਹੀ ਚਾਚਾ ਚਰਨਾ ਪਰ ਤੂੰ ਨਿਸੰਗ ਹੋ ਕੇ ਜਿਥੇ ਮਰਜ਼ੀ ਕੰਮ ਕਰ, ਤੇਰੀ ਵਾਅ ਵੱਲ

ਨਹੀਂ ਕੋਈ ਵੇਖ ਸਕਦਾ।

ਬਿਸ਼ਨੀ : ਕੀ ਪਿੰਡ ਵਾਲਿਆਂ ਨੂੰ ਇਹਦੇ ਬਾਰੇ ਪਤਾ ਏ ?

ਜੱਗਾ : ਉੱਤੋਂ ਭਾਵੇਂ ਕੋਈ ਨਾ ਕਹੇ, ਪਰ ਸਾਰੇ ਪਿੰਡ ਨੂੰ ਅੰਦਰਖਾਤੇ ਪਤਾ ਏ।

ਬਿਸ਼ਨੀ : ਹਾਂ ਤੇ ਜੱਗਿਆ– ਸੁੱਚਾ ਸਿੰਘ ਫੇਰ ਆਇਆ ਸੀ।

ਜੋਗਾ : ਕੀ ਕਹਿੰਦਾ ਸੀ ?

ਬਿਸ਼ਨੀ : ਪੈਸਿਆਂ ਦੀ ਗੱਲ ਕਰਦਾ ਸੀ– ਕਹਿੰਦਾ ਸੀ ਕਿ ਜੱਗੇ ਨੇ ਸੀਰੀ ਰਲਣ ਦੇ ਪੈਸੇ ਸਾਰੇ ਸਾਲ ਦੇ ਲੈ ਲਏ– ਪਰ ਕੰਮ ਤਿੰਨ ਮਹੀਨੇ ਵੀ ਨਾ ਕੀਤਾ– ਕਹਿੰਦਾ ਸੀ ਪੈਸਿਆਂ ਦਾ ਨਿਬੇੜਾ ਕਰੋ।

ਜੱਗਾ : ਸੱਥ ਵਿਚ ਸਾਰਿਆਂ ਦੇ ਸਾਹਮਣੇ ਜੁੱਤੀਆਂ ਮਰਵਾ ਕੇ ਵੀ ਜੇ ਉਹਦੇ ਪੈਸਿਆਂ ਦਾ ਹਾਲੇ ਨਿਬੇੜਾ ਨਹੀਂ ਹੋਇਆ ਤਾਂ ਇਕ ਦਿਨ ਸੂਦ ਸਮੇਤ ਉਹਦਾ ਨਿਬੇੜਾ ਕਰ ਦੇਵਾਂਗਾ।

ਬਿਸ਼ਨੀ : ਵੇ ਕਿਹੋ ਜਿਹੀ ਭਾਖਿਆ ਬੋਲਦਾ ਏਂ। ਐਵੇਂ ਨਾ ਕੋਈ ਰੇੜਕਾ ਛੇੜ ਬਹੀਂ।

ਜੱਗਾ : ਤੂੰ ਫਿਕਰ ਨਾ ਕਰ ਭਾਬੀ– ਕੋਈ ਨਹੀਂ ਹੁੰਦਾ ਰੇੜਕਾ– ਉਂਜ ਬਾਈ ਨੇ ਕੀ ਕਿਹਾ ?

ਬਿਸ਼ਨੀ : ਬਾਈ ਨੇ ਕੀ ਕਹਿਣਾ ਸੀ, ਇਹੋ ਕਿਹਾ ਕਿ ਜੱਗੇ ਨੂੰ ਪੁੱਛ ਕੇ ਦੇਖਾਂਗਾ।

ਜੱਗਾ : ਬਾਈ ਵੀ ਆਪਣਾ ਕੁਛ ਨਹੀਂ।

ਬਿਸ਼ਨੀ : ਬਾਈ ਤੇਰੇ ਨੇ ਗੱਲ ਕਰ ਦਿੱਤੀ ਸੀ ਕਿ ਜੱਗਾ ਖੇਤੀਂ ਕੰਮ ਕਰਨ ਲਾਈਲੱਗ ਸੀ– ਸ਼ਰਾਬ ਪੁਚਾਉਣ ਲਈ ਨਹੀਂ।

ਜੱਗਾ : ਫੇਰ ਉਹਨੇ ਕੀ ਕਿਹਾ ?

ਬਿਸ਼ਨੀ : ਕਹਿੰਦਾ ਜੱਗੇ ਦਾ ਕੋਈ ਹਰਜਾ ਥੋੜ੍ਹਾ ਹੋਇਆ ਏ– ਨੁਕਸਾਨ ਤਾਂ ਉਹਦਾ ਹੋਇਆ– ਜੀਹਦੀਆਂ ਬੋਤਲਾਂ ਜ਼ਬਤ ਹੋ ਗਈਆਂ।

ਜੱਗਾ : ਤੇ ਜਿਹੜੀਆਂ ਮੇਰੀਆਂ ਹੱਡੀਆਂ ਸਿਕੀਆਂ ?

ਬਿਸ਼ਨੀ : ਉਹ ਕਹਿੰਦਾ ਸੀ ਭਾਬੀ ਕੋਲੋਂ ਸੇਵਾ ਕਰਵਾਉਣ ਲਈ ਬਹੁਤਾ ਨਾਟਕ ਕੀਤਾ, ਸਿਪਾਹੀ ਨੂੰ ਹੌਲ਼ੀ–ਹੌਲ਼ੀ ਮਾਰਨ ਲਈ ਕਿਹਾ ਸੀ।

ਜੱਗਾ : ਇਕ ਦਿਨ ਉਹਦੇ ਨਾਲ ਵੀ ਇਹੋ ਜਿਹੀ ਕਰਾਂਗਾ ਕਿ ਉਹਨੂੰ ਪਤਾ ਲੱਗ ਜਾਏ ਕਿ ਭਾਬੀਆਂ ਕੋਲੋਂ ਵਸੇਬਾ ਕਿੰਜ ਕਰਵਾਈਦੀ ਏ।

ਬਿਸ਼ਨੀ : ਚੱਲ ਐਵੇਂ ਗੁੱਸਾ ਨਾ ਕਰ।

ਜੱਗਾ : ਗੁੱਸੇ ਵਾਲੀ ਗੱਲ ਨਹੀਂ– ਇਹ ਲੋਕ ਦਿਉਰਾਂ ਭਾਬੀਆਂ ਦੇ ਲੁੱਚੇ ਗੀਤ ਸੁਣਦੇ–ਸੁਣਦੇ ਇਸ ਰਿਸ਼ਤੇ ਦੀ ਪਵਿੱਤਰਤਾ ਹੀ ਭੁੱਲ ਗਏ

ਨੇ- (ਭਾਵੁਕ ਹੋ ਕੇ) ਵੱਡੀਆਂ ਭਾਬੀਆਂ ਮਾਵਾਂ ਵਰਗੀਆਂ ਹੁੰਦੀਆਂ ਨੇ ਤੇ ਮਾਂ-ਪੁੱਤ ਦਾ ਰਿਸ਼ਤਾ ਮਨੁੱਖ ਦੇ ਸਭਿਆਚਾਰ ਦਾ ਸਾਰਿਆਂ ਨਾਲੋਂ ਕੀਮਤੀ ਖ਼ਜ਼ਾਨਾ ਏ।

ਬਿਸ਼ਨੀ : ਵੇ ਤੂੰ ਰੀਕਾਟਾਂ ਦਾ ਕੰਮ ਕੀ ਕੀਤਾ- ਹੁਣ ਬਾਹਲੀਆਂ ਹੀ ਸਿਆਣੀਆਂ ਗੱਲਾਂ ਕਰਨ ਲੱਗ ਪਿਆ ਏ।

ਜੱਗਾ : ਭਾਬੀ ਸਪੀਕਰ ਲਗਾਉਣ ਦੇ ਪੱਜ ਚੰਗੇ-ਚੰਗੇ ਬੰਦਿਆਂ ਦੀਆਂ ਗੱਲਾਂ ਸੁਣਨ ਨੂੰ ਮਿਲਦੀਆਂ ਨੇ ਤੇ ਦਿਮਾਗ ਵਿਚੋਂ ਹਨੇਰਾ ਦੂਰ ਹੁੰਦਾ ਏ। ਨੇੜੇ-ਤੇੜੇ ਨਾਟਕਾਂ ਦਾ ਪ੍ਰੋਗਰਾਮ ਹੋਇਆ- ਤੈਨੂੰ ਵੀ ਨਾਲ ਲੈ ਚੱਲਾਂਗਾ ਤੈਨੂੰ ਵੀ ਪਤਾ ਲੱਗੇਗਾ, ਗਾਉਣ ਵਾਲਿਆਂ ਦੇ ਪ੍ਰੋਗਰਾਮ ਤੇ ਉਸ ਪ੍ਰੋਗਰਾਮ ਵਿਚ ਫ਼ਰਕ ਕੀ ਏ ?

ਬਿਸ਼ਨੀ : ਔਛਾ ਚੱਲਾਂਗੀ, ਤੇ ਹੁਣ ਮੈਂ ਸੂਏ ਤੋਂ ਕਪੜੇ ਧੋ ਆਵਾਂ।

ਜੱਗਾ : ਧੋ ਆ, ਤੇ ਮੈਂ ਵੀ ਕੁਝ ਚਿਰ ਸੌਂ ਲਵਾਂ-

*(ਬਿਸ਼ਨੀ ਜਾਂਦੀ ਏ ਤੇ ਜੱਗਾ ਗੀਤ ਗੁਣਗੁਣਾਂਦਾ ਬਾਹਰ ਜਾਂਦਾ ਹੈ।)*

ਜਿੱਥੇ ਹਾਰ ਮੰਨ ਲਈ ਚਾਵਾਂ ਨੇ,
ਜਿੱਥੇ ਕੂੰਜ ਘੇਰ ਲਈ ਕਾਵਾਂ ਨੇ,
ਜਿੱਥੇ ਅਣਵਿਆਹੀਆਂ ਹੀ ਮਾਵਾਂ ਨੇ,
ਜਿੱਥੇ ਧੀਆਂ ਹੌਕੇ ਭਰਦੀਆਂ ਨੇ,
ਅਸਮਾਨ ਜੜੇਰੇ, ਤੂੰ ਮਘਦਾ ਰਹੀਂ...

## ਝਾਕੀ ਦੂਜੀ

(ਸੁੱਚਾ ਸਿੰਘ ਬਾਹਰ ਜਾਣ ਦੀ ਤਿਆਰੀ ਕਰ ਰਿਹਾ ਏ। ਬਾਬਾ ਜੀ (ਬਾਪੂ) ਦੂਸਰੇ ਪਾਸੇ ਅਖ਼ਬਾਰ ਪੜ੍ਹਦੇ ਆਉਂਦੇ ਨੇ।)

ਬਾਪੂ ਜੀ : ਕਿੱਥੇ ਚੱਲਿਆਂ ਏਂ ਸੁੱਚਿਆ ?

ਸੁੱਚਾ ਸਿੰਘ : ਸ਼ਹਿਰ ਕੰਮ ਚੱਲਿਆਂ ਆਂ।

ਬਾਪੂ ਜੀ : ਕੰਮ 'ਤੇ ਚੱਲਿਆਂ ਏਂ ਕਿ ਧੰਦੇ 'ਤੇ ?

ਸੁੱਚਾ ਸਿੰਘ : ਕੀ ਮਤਲਬ ?

ਬਾਪੂ ਜੀ : ਜੇ ਤੂੰ ਸ਼ਹਿਰ ਬੀਜ ਲੈਣ ਜਾਂ ਕੀੜੇਮਾਰ ਦਵਾਈ ਲੈਣ ਚੱਲਿਆ ਏਂ ਤਾਂ ਮੈਂ ਸਮਝਾਂਗਾ ਕਿ ਕੰਮ 'ਤੇ ਚੱਲਿਆ ਏਂ ਤੇ ਜੇ ਤੂੰ ਉਹ ਨਾਜਾਇਜ਼ ਸ਼ਰਾਬ ਵਾਲੇ ਕੰਮ ਚੱਲਿਆ ਏਂ ਜਾਂ ਥਾਣੇਦਾਰ ਕੋਲ ਉਹਦਾ ਹਿੱਸਾ ਦੇਣ ਚੱਲਿਆ ਏਂ ਤਾਂ ਮੈਂ ਸਮਝਾਂਗਾ ਕਿ ਧੰਦੇ 'ਤੇ ਚੱਲਿਆ ਏਂ- ਮੇਰੀ ਗੱਲ ਸਮਝਦਾ ਏਂ ਨਾ।

ਸੁੱਚਾ ਸਿੰਘ : (ਥੋੜ੍ਹੀ ਜਿਹੀ ਬੇਪ੍ਰਵਾਹੀ ਨਾਲ) ਸਮਝਦਾ ਹਾਂ– ਤੁਸੀਂ ਕੁਝ ਹੋਰ ਕਹਿਣਾ ਹੋਵੇ ਤਾਂ ਉਹ ਵੀ ਕਹਿ ਦੇਵੋ।

ਬਾਪੂ ਜੀ : ਹੋਰ ਇਹ ਕਹਿਣਾ ਏਂ ਕਿ ਨੇਕ ਕਮਾਈ ਨੂੰ ਕੰਮ ਕਹਿੰਦੇ ਨੇ ਤੇ ਬੇਈਮਾਨੀ ਤੇ ਹਰਾਮ ਦੀ ਕਮਾਈ ਨੂੰ ਧੰਦਾ ਕਹਿੰਦੇ ਨੇ।

ਸੁੱਚਾ ਸਿੰਘ : (ਢੀਠਾਂ ਵਾਕੁਣ) ਬਾਪੂ ਜੀ ਤੁਹਾਡਾ ਵਖਿਆਣ ਸੁਣ ਕੇ ਮੈਨੂੰ ਹੈਰਾਨੀ ਹੁੰਦੀ ਏ।

ਬਾਪੂ ਜੀ : ਕਾਹਦੀ ?

ਸੁੱਚਾ ਸਿੰਘ : ਬਹੁਤੇ ਬੁੜ੍ਹੇ ਇਹ ਕਹਿੰਦੇ ਸੁਣੇ ਜਾਂਦੇ ਨ ਕਿ ਅਸੀਂ ਵਾਲ ਧੁੱਪ ਵਿਚ ਬਹਿ ਕੇ ਚਿੱਟੇ ਨਹੀਂ ਕੀਤੇ, ਪਰ ਤੁਹਾਡੀਆਂ ਗੱਲਾਂ ਸੁਣ ਕੇ ਇੰਜ ਲਗਦਾ ਏ ਕਿ ਤੁਸੀਂ ਵਾਕਈ ਧੁੱਪ ਵਿਚ ਬਹਿ ਕੇ ਹੀ ਵਾਲ ਚਿੱਟੇ ਕੀਤੇ ਨੇ।

ਬਾਪੂ ਜੀ : ਤੇਰੇ ਵਰਗੇ ਪੁੱਤ ਦੀਆਂ ਕਰਤੂਤਾਂ ਵੇਖ ਕੇ ਮੈਨੂੰ ਵੀ ਲੱਗਣ ਲੱਗ ਪੈਂਦਾ ਏ ਕਿ ਮੈਂ ਧੁੱਪੇ ਹੀ ਬੈਠਾ ਰਿਹਾ ਹਾਂ ਤੇ ਕਦੀ–ਕਦੀ ਮੈਨੂੰ ਇਹ ਮੰਨਣ ਵਿਚ ਸ਼ਰਮ ਜਿਹੀ ਆ ਜਾਂਦੀ ਏ ਕਿ ਤੂੰ ਮੇਰਾ ਹੀ ਪੁੱਤ ਏਂ।

ਸੁੱਚਾ ਸਿੰਘ : ਤੇ ਮੈਨੂੰ ਕਦੀ–ਕਦੀ ਤੁਹਾਡੀ ਸਮਝ ’ਤੇ ਹੈਰਾਨੀ ਹੋ ਜਾਂਦੀ ਏ ਤੇ ਇਹ ਸ਼ੱਕ ਹੋ ਜਾਂਦਾ ਏ ਕਿ ਤੁਸੀਂ ਵਾਕਈ ਮੇਰੇ ਬਾਪੂ ਹੋ। ਤੁਸੀਂ ਕਦੀ ਵੀ ਮੇਰੀ ਤਰੱਕੀ ਵੇਖ ਕੇ ਖੁਸ਼ ਨਹੀਂ ਹੋਏ।

ਬਾਪੂ ਜੀ : ਜੇ ਤੂੰ ਤਰੱਕੀ ਕਿਸੇ ਨੇਕ ਕੰਮ ਨਾਲ ਕੀਤੀ ਹੁੰਦੀ ਤਾਂ ਮੈਨੂੰ ਖੁਸ਼ੀ ਹੁੰਦੀ ਪਰ ਹੁਣ ਤਾਂ ਤੇਰੇ ਕਰਕੇ ਮੈਨੂੰ ਸ਼ਰਮਿੰਦਗੀ ਹੀ ਸ਼ਰਮਿੰਦਗੀ ਏ। ਮੇਰੀ ਸਾਰੀ ਕਮਾਈ ਤੂੰ ਖੂਹ ਵਿਚ ਪਾ ਦਿੱਤੀ ਏ।

ਸੁੱਚਾ ਸਿੰਘ : ਹਾਂ, ਜੇ ਮੈਂ ਵੀ ਤੁਹਾਡੇ ਵਾਂਗ ਜੇਲ੍ਹਾਂ ਵਿਚ ਸੜਦਾ ਤਾਂ ਤੁਸੀਂ ਖੁਸ਼ ਹੋਣਾ ਸੀ।

ਬਾਪੂ ਜੀ : ਮੈਂ ਕੋਈ ਦਾਰੂ ਵੇਚਦਾ ਜੇਲ੍ਹਾਂ ਵਿਚ ਨਹੀਂ ਸੀ ਗਿਆ, ਦੇਸ਼ ਦੀ ਆਜ਼ਾਦੀ ਦੀ ਖ਼ਾਤਰ ਜੇਲ੍ਹ ਵਿਚ ਗਿਆ ਸਾਂ।

ਸੁੱਚਾ ਸਿੰਘ : ਤੇ ਫੇਰ ਮਿਲਿਆ ਕੀ ਏ ਤੁਹਾਨੂੰ ?

ਬਾਪੂ ਜੀ : ਇੱਜ਼ਤ ਤੇ ਸਤਿਕਾਰ ਸਭ ਕੁਝ ਮਿਲਿਆ ਏ ਪਰ ਤੇਰੇ ਵੱਲ ਵੇਖ ਕੇ ਇੰਜ ਹੀ ਲਗਦਾ ਏ ਕਿ ਗਵਾਇਆ ਵੀ ਬਹੁਤ ਕੁਝ ਏ। ਨਾ ਮੈਂ ਜੇਲ੍ਹ ਜਾਂਦਾ, ਨਾ ਤੈਨੂੰ ਨਾਨਕੇ ਜਾਣਾ ਪੈਂਦਾ, ਇਹ ਸਾਰੇ ਧੰਦੇ ਤੂੰ ਆਪਣੇ ਮਾਮਿਆਂ ਕੋਲੋਂ ਸਿੱਖੇ ਨੇ– ਸੱਚ ਕਹਿੰਦੇ ਨੇ ਲੋਕ ਕਿ ਬਾਪ ਦਾ ਸਾਇਆ ਸਿਰ ’ਤੇ ਨਾ ਹੋਵੇ ਤਾਂ ਮੁੰਡੇ ਵਿਗੜ ਜਾਂਦੇ ਨੇ– ਅਖੇ ਸਿਰ ’ਤੇ ਨਹੀਂ ਕੁੰਡਾ ਤੇ ਹਾਥੀ ਫਿਰੇ ਲੁੰਡਾ– ਤੇਰੇ ਕਰਕੇ ਮੇਰਾ ਸੱਥ ਵਿਚ ਬਹਿਣਾ ਉੱਠਣਾ ਮੁਸ਼ਕਲ ਹੋ ਗਿਆ ਏ।

ਸੁੱਚਾ ਸਿੰਘ : ਫੇਰ ਚੰਗਾ ਜੇ, ਘਰ ਹੀ ਬੈਠ ਜਾਇਆ ਕਰੋ, ਉਥੇ ਬੁੜ੍ਹਿਆਂ ਵਿਚ ਬੈਠ ਕੇ ਵਿਹਲੀਆਂ ਗੱਲਾਂ ਹੀ ਮਾਰਨੀਆਂ ਨੇ।

ਬਾਪੂ ਜੀ : ਹਰ ਕੋਈ ਮਿਹਣਾ ਮਾਰਦਾ ਏ ਦੇਸ਼ ਭਗਤ ਜਵਾਲਾ ਸਿੰਘ ਦਾ ਮੁੰਡਾ ਬੜਾ ਚੰਨ ਚਾੜ੍ਹ ਰਿਹਾ ਏ। ਘਰ ਦੀ ਕੱਢੀ ਸ਼ਰਾਬ ਤੇ ਫ਼ੀਮ ਵੇਚ ਕੇ ਦੇਸ਼ ਦੀ ਸੇਵਾ ਕਰ ਰਿਹਾ ਏ।

ਸੁੱਚਾ ਸਿੰਘ : ਮੈਂ ਕਦੋਂ ਕਹਿੰਦਾ ਹਾਂ ਕਿ ਮੈਂ ਕੋਈ ਦੇਸ਼ ਸੇਵਾ ਕਰ ਰਿਹਾ ਹਾਂ ? ਤੇ ਸੱਚ ਤੇ ਇਹ ਵੀ ਹੈ ਕਿ ਦੇਸ਼ ਸੇਵਾ ਵਾਲਾ ਸ਼ਬਦ ਹੁਣ ਡਿਕਸ਼ਨਰੀ ਵਿਚ ਵੀ ਕਿਤੇ ਨਹੀਂ ਮਿਲਦਾ– ਸਭ ਦਾਅ ਦੀ ਗੱਲ ਏ, ਕੋਈ ਫ਼ੀਮ ਤੇ ਸ਼ਰਾਬ ਵੇਚ ਲੈਂਦਾ ਏ ਕੋਈ ਪਰਮਿਟ ਵੇਚ ਲੈਂਦਾ ਏ, ਤੇ ਕੋਈ ਕੋਟੇ ਵੇਚ ਲੈਂਦਾ ਏ– ਤੁਸੀਂ ਬੁੜ੍ਹੇ ਸੱਥ ਵਿਚ ਬੈਠ ਕੇ ਝੂਰਦੇ ਰਹੋ... ਪੁਰਾਣੇ ਸਮੇਂ ਯਾਦ ਕਰ ਕਰਕੇ ਦਿਲ ਨੂੰ ਤਸੱਲੀਆਂ ਦੇਂਦੇ ਰਵ੍ਹੋ– ਕੋਈ ਨਹੀਂ ਪੁੱਛਦਾ ਤੁਹਾਨੂੰ–

ਬਾਪੂ ਜੀ : ਲੋਕੀਂ ਮੂੰਹ 'ਤੇ ਸੁਣਾਉਂਦੇ ਨੇ ਕਿ ਜੱਗੇ ਨਾਲ ਗ਼ਰੀਬ ਮਾਰ ਹੋਈ।

ਸੁੱਚਾ ਸਿੰਘ : ਗ਼ਰੀਬ ਮਾਰ ਕਾਹਦੀ ਹੋਈ ? ਪੁਲਿਸ ਦੀ ਕੁੱਟ ਕੋਈ ਅਲੌਕਿਕ ਗੱਲ ਏ। ਹਿੰਦੁਸਤਾਨ ਵਿਚ ਦਸ ਹਜ਼ਾਰ ਥਾਣੇ ਨੇ ਤੇ ਵੀਹ ਹਜ਼ਾਰ ਲੋਕਾਂ ਨੂੰ ਰੋਜ਼ ਜੁੱਤੀਆਂ ਪੈਂਦੀਆਂ ਨੇ।

ਬਾਪੂ ਜੀ : ਸ਼ਰਾਬ ਦੀ ਭੱਠੀ ਤੂੰ ਲਾਈ ਏ– ਫ਼ੀਮ ਤੂੰ ਮੰਗਵਾਉਂਦਾ ਏਂ– ਤੇ ਛਿੱਤਰ ਪੌਲਾ ਜੱਗੇ ਦਾ ਹੋ ਗਿਆ।

ਸੁੱਚਾ ਸਿੰਘ : ਤੇ ਜੇ ਛਿੱਤਰ ਪੌਲਾ ਮੇਰਾ ਹੋ ਜਾਂਦਾ ਤਾਂ ਤੁਹਾਨੂੰ ਤਸੱਲੀ ਹੋ ਜਾਣੀ ਸੀ।

ਬਾਪੂ ਜੀ : ਹਾਂ ਕਮ ਸੇ ਕਮ ਇਹ ਤਸੱਲੀ ਤਾਂ ਹੋ ਜਾਂਦੀ ਕਿ ਅਸਲੀ ਗੁਨਾਹਗਾਰ ਨੂੰ ਸਜ਼ਾ ਮਿਲੀ ਏ।

ਸੁੱਚਾ ਸਿੰਘ : ਬਾਪੂ ਜੀ ਤੁਸੀਂ ਆਪਣੇ ਵਿਚਾਰ ਦੱਸ ਦਿੱਤੇ ਨੇ ਤਾਂ ਮੇਰੀ ਵੀ ਸੁਣ ਲਵੋ ਕਿ ਪੁਲਿਸ ਮੈਨੂੰ ਕਦੀ ਨਹੀਂ ਹੱਥ ਪਾਉਣ ਲੱਗੀ। ਇਸ ਗੱਲੋਂ ਤੁਹਾਨੂੰ ਕਦੀ ਖੁਸ਼ੀ ਨਹੀਂ ਮਿਲਣੀ– ਤਾਂ ਹੋਰ ਸੁਣੋ– ਮੇਰੀ ਗੱਲ ਮੰਨੋ– ਸੱਥ ਵਿਚ ਬੈਠਣ ਦੀ ਲੋੜ ਨਹੀਂ– ਘਰ ਬੈਠਿਆ ਕਰੋ– ਨੂੰਹ ਤੁਹਾਡੀ ਨੂੰ ਤੁਹਾਡੀ ਸੇਵਾ ਕਰਕੇ ਜ਼ਰੂਰ ਖੁਸ਼ੀ ਹੋਵੇਗੀ– ਭਾਵੇਂ ਮੈਨੂੰ ਤਾਂ ਉਹ ਹਮੇਸ਼ਾਂ ਕਹਿਰੀ ਅੱਖ ਨਾਲ ਹੀ ਵੇਖਦੀ ਏ– ਇਕ ਅੱਖ ਨਹੀਂ ਭਾਉਂਦਾ ਉਸ ਨੂੰ ਮੈਂ।

ਬਾਪੂ ਜੀ : ਉਹਦੀ ਖੁਸ਼ੀ ਲਈ ਤੂੰ ਕਦੀ ਕੀਤਾ ਵੀ ਕੀ ਏ– ਘਰ ਕਦੀ ਵੜਦਾ ਨਹੀਂ ਤੇ ਜਦੋਂ ਵੜਦਾ ਵੀ ਏਂ ਨਾਲ ਉਹ ਲੁੱਚਿਆਂ ਦੀ ਮੰਡਲੀ ਲਈ ਆਉਨਾ ਏਂ– ਰਾਤ ਦੇਰ ਤੱਕ ਪੀਂਦੇ ਰਹਿੰਦੇ ਹੋ ਤੇ ਬਕੜਵਾਹ

ਕਰਦੇ ਰਹਿੰਦੇ ਹੋ, ਰਾਤੀਂ ਉਹਨੇ ਕੁਝ ਕਿਹਾ ਤੇ ਤੂੰ ਮਰਨ ਨੂੰ ਪਿਆ।

ਸੁੱਚਾ ਸਿੰਘ : ਬਾਪੂ ਜੀ ਤੁਹਾਡੀ ਸ਼ਹਿ 'ਤੇ ਉਹ ਆਕੜਦੀ ਏ- ਜੇ ਤੁਸੀਂ ਨਾ ਛੁਡਾਉਂਦੇ ਤਾਂ ਮੈਂ ਉਹਦੀਆਂ ਲੱਤਾਂ ਭੰਨ ਦੇਣੀਆਂ ਸਨ- ਸਮਝਦੀ ਕੀ ਏ ਉਹ ਆਪਣੇ ਆਪ ਨੂੰ ?

ਬਾਪੂ ਜੀ : ਜੇ ਤੂੰ ਉਹਨੂੰ ਕੁਝ ਕਿਹਾ ਤਾਂ ਲੱਤਾਂ ਤੇਰੀਆਂ ਵੀ ਸਾਬਤ ਨਹੀਂ ਰਹਿਣ ਲੱਗੀਆਂ, ਹਾਲੇ ਮੇਰੇ ਵਿਚ ਏਨਾ ਜ਼ੋਰ ਏ।

ਸੁੱਚਾ ਸਿੰਘ : ਤੁਹਾਡੇ ਜ਼ੋਰ 'ਤੇ ਹੀ ਉਹ ਆਕੜਦੀ ਫਿਰਦੀ ਏ- ਤੇ ਰਾਤੀਂ ਮੇਰੀ ਜੋ ਆਪਣੇ ਦੋਸਤਾਂ ਦੇ ਸਾਹਮਣੇ ਬੇਇੱਜ਼ਤੀ ਹੋਈ ਉਹ ਮੇਰੀ ਬਰਦਾਸ਼ਤ ਤੋਂ ਬਾਹਰ ਏ- ਕਲ੍ਹ ਨੂੰ ਮੈਂ ਸਰਪੰਚ ਦੀ ਚੋਣ ਲੜਨੀ ਏਂ- ਜੇ ਘਰ ਵਿਚ ਮੇਰੀ ਇੱਜ਼ਤ ਨਾ ਰਹੀ ਤਾਂ ਬਾਹਰ ਮੈਨੂੰ ਕਿੰਨ੍ਹੇ ਪੁੱਛਣਾ ਏਂ ?

ਬਾਪੂ ਜੀ ਪਿੰਡ ਵਾਲਿਆਂ ਨੂੰ ਲੱਭਦਾ ਏ ਕੋਈ ਤੇਰੇ ਨਾਲੋਂ ਚੰਗਾ ਸਰਪੰਚ ?

ਸੁੱਚਾ ਸਿੰਘ : ਸਰਪੰਚ ਉਹੀ ਚੰਗਾ ਹੁੰਦਾ ਬਾਪੂ ਜੀ, ਜਿਹਦੀ ਸਰਕਾਰੇ-ਦਰਬਾਰੇ ਪਹੁੰਚ ਹੋਵੇ, ਪੁਲਿਸ ਵਾਲਿਆਂ ਨਾਲ ਜੀਹਦੀ ਅੱਟੀ-ਸੱਟੀ ਹੋਵੇ।

ਬਾਪੂ ਜੀ : ਆਹੋ ਜਿਹੜਾ ਚੋਰ ਹੋਵੇ, ਜਿਹਦਾ ਕੋਈ ਅਸੂਲ ਨਾ ਹੋਵੇ।

ਸੁੱਚਾ ਸਿੰਘ : ਅਸੂਲ-ਵਸੂਲ ਤਾਂ ਬਾਪੂ ਜੀ ਤੁਹਾਡੇ ਬੁੜ੍ਹਿਆਂ ਦੀਆਂ ਗੱਲਾਂ ਰਹਿ ਗਈਆਂ ਨੇ, ਅਸੂਲ ਨੂੰ ਕਿਸੇ ਹਥੇਲੀ 'ਤੇ ਪਾ ਕੇ ਚੱਟਣੈਂ- ਤੇ ਸੁਣ ਲਵੋ ਉਹ ਦਿਨ ਦੂਰ ਨਹੀਂ ਜਦੋਂ ਮੇਰੇ ਗਲੇ ਵਿਚ ਸਰਪੰਚੀ ਦਾ ਹਾਰ ਪਵੇਗਾ- ਫੁੱਲਾਂ ਲੱਦਿਆ ਹਾਰ। ਉਹ ਵੇਖਣ ਲਈ ਤਿਆਰ ਰਹਿਣਾ।

ਬਾਪੂ ਜੀ : ਮੈਨੂੰ ਤਾਂ ਉਦੋਂ ਖ਼ੁਸ਼ੀ ਹੋਵੇਗੀ ਜਦੋਂ ਤੇਰੇ ਗਲੇ ਜੁੱਤੀਆਂ ਦਾ ਹਾਰ ਪਵੇਗਾ- ਤੇ ਉਹ ਦਿਨ ਛੇਤੀ ਆਵੇਗਾ- ਉਹਦੇ ਲਈ ਤਿਆਰ ਰਹੀਂ- ਪਰ ਤੂੰ ਨਹੀਂ ਸਮਝੇਂਗਾ- ਤੂੰ ਮੂਰਖ ਏਂ- ਉੱਲੂ ਏਂ।

ਸੁੱਚਾ ਸਿੰਘ : ਉੱਲੂ ਨਹੀਂ, ਉੱਲੂ ਦਾ ਪੱਠਾ ਜ਼ਰੂਰ ਆਂ।

ਬਾਪੂ ਜੀ : ਕੀ ਮਤਲਬ ?

ਸੁੱਚਾ ਸਿੰਘ : ਮਤਲਬ ਤੁਸੀਂ ਸਮਝ ਲਵੋ- ਤੇ ਹੋਰ ਸੁਣ ਲਵੋ- ਹੁਣ ਤੁਹਾਡੀ ਉਮਰ ਏ ਨਾਮ ਜਪਣ ਦੀ- ਵੇਖਿਆਂ ਬਹੁਤਾ ਕਰੋ, ਤੇ ਬੋਲਿਆ ਥੋੜ੍ਹਾ ਕਰੋ।

ਬਾਪੂ ਜੀ : ਆਹੋ ਅਜੇ ਪਤਾ ਨਹੀਂ ਤੂੰ ਮੈਨੂੰ ਕੀ-ਕੀ ਵਿਖਾਉਣਾ ਏਂ ?

ਸੁੱਚਾ ਸਿੰਘ : ਕੀ ਵੇਖਣਾ ਚਾਹੁੰਦੇ ਹੋ ?

ਬਾਪੂ ਜੀ : ਦੱਸ ਦਿੱਤਾ ਏ ਜੋ ਵੇਖਣਾ ਚਾਹੁੰਦਾ ਹਾਂ- ਤੇਰੇ ਗਲੇ ਵਿਚ ਜੁੱਤੀਆਂ ਦਾ ਹਾਰ ਤੇ ਜਾ ਦਫ਼ਾ ਹੋ ਜਾ- ਚੱਟ ਜਾ ਕੇ ਕਿਸੇ ਥਾਣੇਦਾਰ ਦੇ ਬੂਟਾਂ ਦੇ ਤਲੇ।

ਸੁੱਚਾ ਸਿੰਘ : ਚੱਲਿਆਂ ਹਾਂ- ਚੱਲਿਆਂ (ਬੁੜ ਬੁੜ ਕਰਦਾ ਜਾਂਦਾ ਹੈ ਤੇ ਜਾਂਦੇ ਹੋਏ ਇਹ ਵਾਰਤਾਲਾਪ ਸੁਣਾਉਂਦਾ ਹੈ।) ਸਰਕਾਰ ਨੇ ਵੀ ਬੁੜ੍ਹਿਆਂ ਦੀ ਪੈਨਸ਼ਨ ਲਾ ਦਿੱਤੀ ਏ ਨਾ ਇਹ ਕਿਧਰੇ ਮਰਨ ਨਾ ਮਗਰੋਂ ਲਹਿਣ।

*(ਬਾਪੂ ਜੀ ਜਿਹੜਾ ਦੂਸਰੇ ਪਾਸੇ ਜਾਣ ਲਈ ਪਿੱਠ ਕਰ ਰਿਹਾ ਹੈ ਫੇਰ ਮੁੜਦਾ ਹੈ ਤੇ ਸੁੱਚਾ ਸਿੰਘ ਨੂੰ ਸੁਣਾਉਂਦਾ ਹੋਇਆ ਕਹਿੰਦਾ ਹੈ...)*

ਬਾਪੂ ਜੀ : ਇਹ ਬੁੜ੍ਹਾ ਹਾਲੇ ਆਪਣੀ ਕਮਾਈ ਖਾਂਦਾ ਏ ਤੇ ਆਪਣੇ ਘਰ ਰਹਿੰਦਾ ਏ- ਤੇਰੀਆਂ ਕਮਾਈਆਂ ਨਹੀਂ ਖਾਂਦਾ- ਸਰਕਾਰ ਐਵੇਂ ਨਹੀਂ ਪੈਨਸ਼ਨਾਂ ਦਿੰਦੀ। ਇਹ ਸਾਡੀਆਂ ਹੀ ਕਮਾਈਆਂ ਨੇ ਇਹ ਕੁਰਸੀਆਂ ’ਤੇ ਬੈਠੇ ਨੇ ਤੇ ਐਸ਼ਾਂ ਕਰਦੇ ਨੇ ਪਰ ਇਨ੍ਹਾਂ ਲੋਕਾਂ ਨਾਲ ਜਿਹੜੀ ਗ਼ਦਾਰੀ ਕੀਤੀ ਤੇ ਇਕ ਦਿਨ ਇਹਦਾ ਮੁੱਲ ਤਾਰਨਾ ਪਵੇਗਾ- ਹਾਂ-ਹਾਂ ਮੁੱਲ ਤਾਰਨਾ ਪਵੇਗਾ। (ਕਹਿੰਦਾ ਕਹਿੰਦਾ ਬਾਹਰ ਜਾਂਦਾ ਹੈ।)

## ਝਾਕੀ ਤੀਜੀ

(ਇਕ ਪਾਸੇ ਤੋਂ ਜਗੀਰ ਸਿੰਘ ਆਉਂਦਾ ਹੈ ਤੇ ਦੂਜੇ ਪਾਸੇ ਤੋਂ ਬਿਸ਼ਨੀ।)

ਜਗੀਰ : ਤੂੰ ਕਿਧਰ ਗਈ ਸੀ ?

ਬਿਸ਼ਨੀ : ਛੋਟੀ ਸਰਦਾਰਨੀ ਨੇ ਸੁਨੇਹਾ ਭੇਜਿਆ ਸੀ।

ਜਗੀਰ : ਕਿਉਂ ?

ਬਿਸ਼ਨੀ : ਕੰਮ ਬਾਰੇ ਕਹਿੰਦੀ ਸੀ।

ਜਗੀਰ : ਫੇਰ ਤੂੰ ਕੀ ਕਿਹਾ ?

ਬਿਸ਼ਨੀ : ਮੈਂ ਕਿਹਾ ਕੰਮ ਵੱਲੋਂ ਤਾਂ ਕੋਈ ਨਾਂਹ ਨਹੀਂ, ਪਰ ਜਿੰਨਾ ਚਿਰ ਜੱਗੇ ਵਾਲਾ ਰੇੜਕਾ ਨਹੀਂ ਮੁਕਦਾ- ਮੈਂ ਨਹੀਂ ਕੰਮ ਕਰਨਾ।

ਜਗੀਰ : ਤੁਸੀਂ ਦਿਉਰ ਭਾਬੀ ਨੇ ਐਵੇਂ ਗੱਲ ਨੂੰ ਬਹੁਤਾ ਚੁੱਕਿਆ ਹੋਇਆ ਏ।

ਬਿਸ਼ਨੀ : ਗੱਲ ਕੋਈ ਛੋਟੀ ਮੋਟੀ ਨਹੀਂ- ਜੇ ਸੁੱਚਾ ਸਿੰਘ ਸਰਦਾਰ ਥੋੜ੍ਹਾ ਬਹੁਤ ਵੀ ਅਫ਼ਸੋਸ ਕਰ ਦਿੰਦਾ ਤਾਂ ਵੀ ਬੰਦਾ ਅੱਗੋਂ ਕੁਝ ਸੋਚਦਾ- ਉਹ ਤਾਂ ਅੱਗੋਂ ਹਸਾਨ ਜਿਤਾਉਂਦਾ ਏ-

ਜਗੀਰ : ਫੇਰ ਸਰਦਾਰਨੀ ਨਰਾਜ਼ ਹੋਈ ਹੋਣੀ ਏ ?

ਬਿਸ਼ਨੀ : ਨਰਾਜ਼ ਕਿਉਂ ਹੁੰਦੀ- ਉਹਨੂੰ ਆਪਣੇ ਬੰਦੇ ਦਾ ਪਤਾ ਨਹੀਂ ? ਦਸਦੀ ਸੀ ਅੱਜ ਸਵੇਰੇ ਬਾਪੂ ਹੋਰਾਂ ਨਾਲ ਵੀ ਬੜਾ ਝਗੜਿਐ।

ਜਗੀਰ : ਇਹੋ ਜਿਹੇ ਬੰਦੇ ਕਿਸੇ ਕਾਰਨ ਕਰਕੇ ਥੋੜ੍ਹਾ ਝਗੜਦੇ ਨੇ।

ਬਿਸ਼ਨੀ : ਪਰ ਤੂੰ ਇਧਰ ਕਿਧਰ ਆਇਆ ?

ਜਗੀਰ : ਮੇਰੇ ਵੱਲ ਬਾਪੂ ਹੋਰਾਂ ਸੁਨੇਹਾ ਭੇਜਿਆ ਸੀ।

ਬਿਸ਼ਨੀ : ਚੰਗਾ ਫਿਰ, ਗੱਲ ਕਰ ਲੈ– ਪਰ ਜੇਕਰ ਬਾਪੂ ਜੀ ਨੇ ਮੇਰੇ ਜਾਂ ਜੱਗੇ ਦੇ ਕੰਮ ਬਾਰੇ ਕੁਝ ਕਿਹਾ ਤਾਂ ਸਾਫ਼ ਨਾਂਹ ਕਰ ਦੇਈਂ।

ਜਗੀਰ : (ਖਿਝ ਕੇ) ਅੱਛਾ ਕਰ ਦੇਵਾਂਗਾ–ਅਗਲਿਆਂ ਕੋਲੋਂ ਪੈਸੇ ਲਏ ਹੋਏ ਨੇ, ਉਹਦਾ ਵੀ ਕੋਈ ਖ਼ਿਆਲ ਕਰਨਾ ਹੋਇਆ।

ਬਿਸ਼ਨੀ : (ਜਾਂਦੀ ਹੋਈ) ਉਹ ਜੱਗਾ ਕਹਿੰਦਾ ਸੀ– ਪਾਈ ਪਾਈ ਚੁਕਾ ਦੇਵੇਗਾ।

ਜਗੀਰ : ਹਾਂ ਚੁਕਾ ਦੇਵੇਗਾ, ਦੋ ਰੀਕਾਟ ਕੀ ਸੁਣ ਲਏ– ਜਿਵੇਂ ਦੁਨੀਆਂ ਹੀ ਬਦਲ ਗਈ ਏ।

*(ਬਾਪੂ ਜੀ ਆਉਂਦੇ ਹਨ।)*

ਬਾਪੂ ਜੀ : ਆ ਬਈ ਜਗੀਰ ਸਿੰਘਾ, ਰਾਜ਼ੀ ਏਂ ?

ਜਗੀਰ : ਸਤਿ ਸ੍ਰੀ ਅਕਾਲ ਬਾਬਾ ਜੀ, ਤੁਸੀਂ ਮੈਨੂੰ ਬੁਲਾਇਆ ਸੀ ?

ਬਾਪੂ ਜੀ : ਹਾਂ ਸ਼ੇਰਾ, ਤੇਰੇ ਨਾਲ ਇਕ ਗੱਲ ਕਰਨੀ ਏ– ਪਰ ਪਹਿਲਾਂ ਇਹ ਦੱਸ ਠੀਕ ਠਾਕ ਏਂ ਨਾ– ਗੱਜਣ ਸਿੰਘ ਨਾਲ ਸੀਰ ਠੀਕ ਚਲਦਾ ਪਿਆ ਏ ਨਾ ?

ਜਗੀਰ : ਉਹ ਤਾਂ ਠੀਕ ਏ, ਪਰ ਬਾਪੂ ਜੀ ਲਿਆ ਕਰਜ਼ਾ ਸਿਰ ਨਹੀਂ ਪਿਆ ਚੁੱਕਣ ਦਿੰਦਾ।

ਬਾਪੂ ਜੀ : ਹੁਣ ਤਾਂ ਤੁਹਾਡੀ ਭਲਾਈ ਲਈ ਏਨੀਆਂ ਸਕੀਮਾਂ ਸਰਕਾਰ ਵੱਲੋਂ ਆਈਆਂ ਨੇ– ਤੂੰ ਵੀ ਕੁਝ ਹੱਥ ਪੈਰ ਮਾਰਨਾ ਸੀ।

ਜਗੀਰ : ਬਾਬਾ ਜੀ ਤੁਹਾਡੇ ਕੋਲੋਂ ਕਿਹੜਾ ਕੁਝ ਲੁਕਿਆ ਹੋਇਆ ਏ ? ਸਾਡੇ ਵਿਹੜੇ ਤਾਂ ਉਂਜ ਹੀ ਕੱਚੇ ਨੇ– ਤੇ ਤੀਵੀਆਂ ਉਸੇ ਤਰ੍ਹਾਂ ਗੋਹਾ ਕੂੜਾ ਕਰਦੀਆਂ ਨੇ।

ਬਾਪੂ ਜੀ : ਮੈਨੂੰ ਸਭ ਪਤਾ ਏ ਤੇ ਦਿਨੇ ਰਾਤ ਇਹੋ ਸੋਚ ਪਈ ਖਾਂਦੀ ਏ ਕਿ ਅਸੀਂ ਆਜ਼ਾਦੀ ਇਸੇ ਖ਼ਾਤਰ ਲਈ ਕਿ ਕੁਝ ਬੰਦੇ ਹੀ ਉਹਦਾ ਫਾਇਦਾ ਉਠਾ ਜਾਣ ਤੇ ਬਾਕੀ ਲੋਕਾਈ ਉਸੇ ਤਰ੍ਹਾਂ ਚਿੱਕੜ ਵਿਚ ਰੁਲਦੀ ਰਹੇ ?

ਜਗੀਰ : ਤੁਹਾਡੇ ਘਰੋਂ ਚੰਦੋ ਦੇ ਵਿਆਹ 'ਤੇ ਜਿਹੜਾ ਪੈਸਾ ਫੜਿਆ ਸੀ– ਖ਼ਿਆਲ ਸੀ ਜੱਗਾ ਸੀਰ ਕਰਕੇ ਲਾਹ ਦੇਵੇਗਾ– ਪਰ ਤੁਹਾਨੂੰ ਪਤਾ ਏ ਛੋਟੇ ਸਰਕਾਰ ਨੇ ਖਾਹਮਖ਼ਾਹ ਉਹਨੂੰ ਹੋਰ ਪਾਸੇ ਲਾ ਦਿੱਤਾ ਤੇ ਜੋ ਕੁਝ ਹੋਇਆ ਉਹਦੇ ਬਾਅਦ ਜੱਗਾ ਕੰਮ ਕਰਨ ਲਈ ਨਹੀਂ

ਮੰਨਦਾ।

ਬਾਪੂ ਜੀ : ਉਹਨੂੰ ਮੰਨਣਾ ਵੀ ਨਹੀਂ ਚਾਹੀਦਾ।

ਜਗੀਰ : ਬਾਬਾ ਜੀ ਸਾਡੀ ਨੀਅਤ ਮਾੜੀ ਨਹੀਂ, ਕੁਝ ਵੀ ਹੋਵੇ ਤੁਹਾਡਾ ਸਾਨੂੰ ਬੜਾ ਲਿਹਾਜ਼ ਏ ਭਾਵੇਂ...

ਬਾਪੂ ਜੀ : ਭਾਵੇਂ ਕਿ ?

ਜਗੀਰ : ਛੋਟੇ ਸਰਦਾਰ ਵਾਲੇ ਕੰਮ ਕੋਈ ਚੰਗੇ ਨਹੀਂ।

ਬਾਪੂ ਜੀ : ਸੁੱਚਾ ਸਿੰਘ ਪੁੱਤ ਤਾਂ ਮੇਰਾ ਏ- ਪਰ ਉਹਦੀਆਂ ਆਪ ਹੁਦਰੀਆਂ ਏਨੀਆਂ ਵਧ ਗਈਆਂ ਨੇ ਕਿ ਉਹਨੂੰ ਛੋਟੇ ਵੱਡੇ ਦਾ ਲਿਹਾਜ਼ ਨਹੀਂ ਰਿਹਾ- ਮੈਂ ਚਾਹੁੰਦਾ ਹਾਂ ਕਿ ਇਸੇ ਤਰ੍ਹਾਂ ਉਹਨੂੰ ਨੱਥ ਪਾਈ ਜਾਵੇ ਤੇ ਉਹਦੇ ਵਿਚ ਤੁਸੀਂ ਮੇਰੀ ਮਦਦ ਕਰਨੀ ਏ।

ਜਗੀਰ : ਅਸੀਂ ਕੀ ਕਰ ਸਕਦੇ ਹਾਂ ?

ਬਾਪੂ ਜੀ : ਤੁਸੀਂ ਸਭ ਕੁਝ ਕਰ ਸਕਦੇ ਹੋ-ਜਦੋਂ ਪੈਸਾ ਮੰਗੇ ਤਾਂ ਕਹਿਣਾ ਕਿ ਹਿਸਾਬ ਬਾਪੂ ਹੋਰਾਂ ਦੇ ਸਾਹਮਣੇ ਦੇਣਾ ਏਂ।

ਜਗੀਰ : ਪਰ ਅਸੀਂ ਕਿਥੋਂ ਦਿਆਂਗੇ ? ਹਾਲੇ ਤਾਂ ਦੇਣ ਲਈ ਥੋੜਾ ਬਹੁਤ ਵੀ ਨਹੀਂ।

ਬਾਪੂ ਜੀ : ਇਹਦੀ ਲੋੜ ਨਹੀਂ ਪੈਣੀ-ਬਸ ਇਕ ਨਾਟਕ ਜਿਹਾ ਕਰਨਾ ਪੈਣਾ ਏ ਤੈਨੂੰ ਤੇ ਜੱਗੇ ਨੂੰ ਤੇ ਉਹਦਾ ਸਿਖਰ ਆਏਗਾ ਜਦੋਂ ਬਿਸ਼ਨੀ ਉਹ ਥੈਲਾ ਲੈ ਕੇ ਆਏਗੀ ਜੋ ਮੈਂ ਉਹਨੂੰ ਦਿਆਂਗਾ।

ਜਗੀਰ : ਪਰ...

ਬਾਪੂ ਜੀ : ਤੂੰ ਕੰਨ ਉਰੇ ਕਰ (ਉਹਦੇ ਕੰਨ ਵਿਚ ਇਕ ਲੰਬੀ ਗੱਲ ਕਹਿੰਦਾ ਏ) ਬੱਸ ਇਕ ਗੱਲ ਕਹਿੰਦਾ ਜਾਈਂ ਕਿ ਹਿਸਾਬ ਪਾਈ-ਪਾਈ ਦਾ ਚੁਕਾਵਾਂਗੇ।

ਜਗੀਰ : ਪਰ ਬਾਬਾ ਜੀ ਕੀ ਤੁਸੀਂ ਨਾਟਕ ਕਰ ਲਵੋਗੇ ?

ਬਾਪੂ ਜੀ : ਜਗੀਰ ਸਿੰਘਾ, ਸਾਡੀ ਪਾਰਟੀ ਦਾ ਜਿਹੜਾ ਡਰਾਮਾ ਸੁਕੈਡ ਹੁੰਦਾ ਸੀ, ਉਹਦਾ ਮੈਂ ਇੰਚਾਰਜ ਹੁੰਦਾ ਸੀ- ਜਵਾਨੀ ਵੇਲੇ ਬੜੇ ਵੱਡੇ-ਵੱਡੇ ਡਰਾਮੇ ਕੀਤੇ ਤੇ ਉਨ੍ਹਾਂ ਦੀ ਖ਼ਾਤਰ ਕੈਦਾਂ ਵੀ ਭੋਗੀਆਂ-ਪਰ ਇਹ ਨਹੀਂ ਸੋਚਿਆ ਸੀ ਕਿ ਇਸ ਉਮਰੇ ਵੀ ਕੋਈ ਡਰਾਮਾ ਕਰਨਾ ਪਵੇਗਾ ਤੇ ਡਰਾਮਾ ਵੀ ਉਹ ਜਿਸ ਦਾ ਖਲਨਾਇਕ ਆਪਣਾ ਪੁੱਤਰ ਹੋਏਗਾ- ਤੇ ਹੁਣ ਤੂੰ ਜਾ- ਤੇ ਜਿਸ ਤਰ੍ਹਾਂ ਮੈਂ ਤੈਨੂੰ ਸਮਝਾਇਆ ਏ ਤੂੰ ਤੇ ਜੱਗੇ ਉਸੇ ਤਰ੍ਹਾਂ ਕਰਨਾ।

ਜਗੀਰ : ਅੱਛਾ ਬਾਬਾ ਜੀ ਸਤਿ ਸ੍ਰੀ ਅਕਾਲ (ਜਾਂਦਾ ਹੈ ਫੇਰ ਮੁੜਦਾ ਹੈ) ਪਰ ਬਾਬਾ ਜੀ ਇਕ ਗੱਲ ਸਾਫ਼ ਏ, ਪੈਸਾ ਜੋ ਮੈਂ ਫੜਿਆ ਏ ਉਹ ਜ਼ਰੂਰ

ਵਾਪਸ ਕਰਾਂਗਾ। (ਜਾਂਦਾ ਹੈ।)

ਬਾਪੂ ਜੀ : (ਆਪਣੇ ਆਪ ਨਾਲ) ਅਖੇ ਮੈਂ ਸਰਪੰਚ ਬਣਾਂਗਾ– ਪਰ ਲੁੱਚਾ ਵੈਲੀ ਇਹ ਸਮਝਦਾ ਏ ਕਿ ਸ਼ਰਾਬ ਵੇਚੋ, ਫ਼ੀਮ ਵੇਚੋ, ਪੈਸਾ ਬਣਾਓ, ਲੋਕਾਂ ਦਾ ਈਮਾਨ ਖਰੀਦੋ, ਸਰਪੰਚ ਬਣ ਜਾਓ, ਪ੍ਰਧਾਨ ਬਣ ਜਾਓ– ਗਲ ਵਿਚ ਹਾਰ ਪਵਾ ਲਵੋ। ਪਰ ਏਨਾ ਨਹੀਂ ਪਤਾ ਕਿ ਲੋਕ ਉਨ੍ਹਾਂ ਬਾਰੇ ਕੀ ਮਨਸੂਬੇ ਰੱਖਦੇ ਨੇ।

## ਝਾਕੀ ਚੌਥੀ

(ਜੱਗਾ ਤੇ ਜਗੀਰ ਬੈਠੇ ਹਨ– ਸੁੱਚਾ ਸਿੰਘ ਆਉਂਦਾ ਹੈ।)

ਸੁੱਚਾ ਸਿੰਘ : ਲਓ ਦੋਵੇਂ ਹੀ ਇਥੇ ਬੈਠੇ ਹੋ ?

ਜੱਗਾ : (ਬੇਰੁਖੀ ਨਾਲ) ਆਹੋ ਦੋਵੇਂ ਹੀ ਬੈਠੇ ਹਾਂ– ਤੈਨੂੰ ਕੋਈ ਤਕਲੀਫ਼ ਆ ?

ਸੁੱਚਾ ਸਿੰਘ : ਆਹੋ ਹੈਗੀ ਆ, ਪੈਸੇ ਦਿੱਤੇ ਹੋਏ ਨੇ।

ਜੱਗਾ : ਉਹ ਅਸੀਂ ਲਾਹ ਦਿੱਤੇ ਨੇ।

ਸੁੱਚਾ ਸਿੰਘ : ਲਾਹ ਦਿੱਤੇ ਨੇ–ਕਦੋਂ ?

ਜੱਗਾ : ਇਕ ਰਾਤ ਤੇ ਦੋ ਦਿਨ ਹਵਾਲਾਤ ਤੇਰੇ ਕਾਰਨ ਰਿਹਾ 500/– ਉਹ ਲਹਿ ਗਏ– ਸੱਥ ਵਿਚ ਅਗਲਿਆਂ ਨੇ ਤੀਹ ਗਿਣ ਕੇ ਲਾਈਆਂ 300/– ਉਹ ਲਹਿ ਗਏ, ਇਹ ਹੋ ਗਏ ਕੁੱਲ 800/– ਬਾਕੀ ਰਹਿ ਗਏ 200/– (ਬੋਝੇ ਵਿਚੋਂ ਕੱਢ ਕੇ) ਇਹ ਚੁੱਕ ਤੇ ਚਲਦਾ ਹੋ।

ਸੁੱਚਾ ਸਿੰਘ : ਉਏ ਇਹ ਹਿਸਾਬ ਕਿਹੜਾ ਹੋਇਆ ?

ਜੱਗਾ : ਹਵਾਲਾਤ ਮੈਂ ਤੇਰੇ ਕੰਮ ਕਰਕੇ ਰਿਹਾ–ਜੁੱਤੀਆਂ ਮੈਂ ਤੇਰੇ ਕੰਮ ਲਈ ਖਾਧੀਆਂ ਹੁਣ ਮੁੱਲ ਤਾਰਨ ਤੋਂ ਕਿਉਂ ਪਿੱਛੇ ਹਟਦਾ ਏਂ ?

ਸੁੱਚਾ ਸਿੰਘ : ਦੇਖ ਲੈ ਜਗੀਰ ਸਿੰਘ ਕੀ ਕਹਿੰਦਾ ਏ ?

ਜੱਗਾ : ਬਾਈ ਕੀ ਦੇਖੇਂਗਾ ? ਤੂੰ ਮੈਨੂੰ ਜਵਾਬ ਦੇ, ਬੋਤਲਾਂ ਤੇਰੀਆਂ ਹੀਂ ਸਨ ?

ਸੁੱਚਾ ਸਿੰਘ : (ਖਿੱਝ ਕੇ) ਮੇਰੀਆਂ ਸਨ।

ਜੱਗਾ : ਫੇਰ ਇਹ ਬਿਆਨ ਦੇ ਕੇ ਕਿਉਂ ਗੂੰਹ ਖਾਧਾ ਕਿ ਮਜ਼ਬੀ ਆਪਣੇ ਸੌਕ ਨਾਲ ਕੱਢਦਾ ਸੀ।

ਸੁੱਚਾ ਸਿੰਘ : ਪਰ ਇਹ ਕਿਉਂ ਭੁੱਲਦਾ ਏਂ ਕਿ ਛੁਡਵਾ ਕੇ ਵੀ ਮੈਂ ਲਿਆਇਆ ਸਾਂ।

ਜੱਗਾ : ਆਪੇ ਫੜਵਾ ਲੈਣਾ ਤੇ ਆਪੇ ਛੁੜਵਾ ਲੈਣਾ ਮੈਥੋਂ ਭੁੱਲਿਆ ਨਹੀਂ ਤੂੰ ਰਾਜਾ ਹਰੀਸ਼ ਚੰਦਰ।

ਸੁੱਚਾ ਸਿੰਘ : ਨਾ ਫੇਰ ਤੂੰ ਚਾਹੁੰਦਾ ਕੀ ਏਂ ?

ਜੱਗਾ : ਇਹ ਤੂੰ ਦੱਸ ਕਿ ਤੂੰ ਕੀ ਚਾਹੁੰਦਾ ਏਂ ?

ਸੁੱਚਾ ਸਿੰਘ : ਮੇਰੇ ਪੈਸੇ ਖ਼ਰੇ ਕਰੋ।

ਜਗੀਰ : ਸਰਦਾਰ ਜੀ- ਜਦੋਂ ਵੀ ਕੋਈ ਉਪਰਾਲਾ ਹੋਇਆ- ਜ਼ਰੂਰ ਦੇ ਦੇਵਾਂਗੇ ਹੁਣ ਕੋਲ ਨਹੀਂ ਤਾਂ ਕਿੱਥੋਂ ਦੇਈਏ ?

ਜੱਗਾ : ਪਰ ਬਾਈ ਇਹਦੇ ਪੈਸੇ ਕਾਹਦੇ ਦੇਈਏ ? ਹਿਸਾਬ ਤਾਂ ਹੁਣੇ ਪੂਰਾ ਕਰ ਦਿੱਤਾ ਏ।

ਸੁੱਚਾ ਸਿੰਘ : ਓਏ ਇਕ ਕਹਿੰਦਾ ਏ ਦੇ ਦੇਵਾਂਗੇ- ਦੂਜਾ ਕਹਿੰਦਾ ਏ ਹਿਸਾਬ ਪੂਰਾ ਹੋ ਗਿਆ- ਮੈਂ ਕਿਹਦੀ ਮੰਨਾਂ ?

ਜੱਗਾ : ਜਿਹੜਾ ਕਹਿੰਦਾ ਏ ਹਿਸਾਬ ਪੂਰਾ ਹੋ ਗਿਆ ਏ।

ਸੁੱਚਾ ਸਿੰਘ : ਮੈਂ ਤੈਨੂੰ ਦੇਖ ਲਵਾਂਗਾ- ਪਿੰਡ ਰਹਿਣ ਜੋਗਾ ਨਹੀਂ ਛੱਡਣ ਲੱਗਾ।

ਜੱਗਾ : ਅਸੀਂ ਕਿਧਰੇ ਹੋਰ ਚਲੇ ਜਾਵਾਂਗੇ- ਇਥੇ ਸਾਡੇ ਕਿਹੜੇ ਮਹਿਲ ਖੜ੍ਹੇ ਨੇ- ਜਿਹੜੇ ਢੁੱਟ ਜਾਣਗੇ- ਪਰ ਇਕ ਗੱਲ ਏ ਸਰਦਾਰਾ ਪੁਰਾਣੇ ਵਿਹਾਰ ਨਹੀਂ ਚੱਲਣੇ ਤੇ ਨਾ ਹੀ ਥਾਣੇਦਾਰ ਸਦਾ ਉਹੋ ਰਹਿਣੇ ਨੇ।

*(ਬਾਪੂ ਜੀ ਆਉਂਦੇ ਨੇ।)*

ਬਾਪੂ ਜੀ : ਕੀ ਗੱਲ ਜੱਗਿਆ ਕੀ ਝਗੜਾ ਏ ਤੁਹਾਡਾ ?

ਸੁੱਚਾ ਸਿੰਘ : ਤੁਸੀਂ ਆਪਣੇ ਰਾਹ ਜਾਵੋ- ਇਹ ਸਾਡਾ ਮਾਮਲਾ ਏ।

ਜੱਗਾ : ਆਹੋ ਬਾਪੂ ਜੀ, ਇਹ ਸਾਡਾ ਮਾਮਲਾ ਏ।

ਬਾਪੂ ਜੀ : ਇਹ ਤੁਹਾਡਾ ਮਾਮਲਾ ਕਿੰਝ ਏ ? ਤੁਹਾਡਾ ਕੀ ਮਤਲਬ ਏ ਕਿ ਸਰਕਾਰ ਜੇਕਰ ਤੁਹਾਡਾ ਪੱਖ ਲੈਂਦੀ ਏ ਤਾਂ ਤੁਸੀਂ ਸਾਰੇ ਪੈਸੇ ਨੱਪ ਲਵੋਗੇ ?

ਜਗੀਰ : ਬਾਬਾ ਜੀ ਤੁਸੀਂ ਸਾਡੇ ਬਜ਼ੁਰਗ ਹੋ, ਅਸੀਂ ਇਹਦੇ ਨਾਲ ਨਿੱਬੜ ਲਵਾਂਗੇ।

ਬਾਪੂ ਜੀ : ਇਹ ਤੁਹਾਡਾ ਮਾਮਲਾ ਕਿੰਝ ਏ ? ਤੁਹਾਡਾ ਕੀ ਮਤਲਬ ਏ ਕਿ ਸਰਕਾਰ ਜੇਕਰ ਤੁਹਾਡਾ ਪੱਖ ਲੈਂਦੀ ਏ ਤਾਂ ਤੁਸੀਂ ਸਾਰੇ ਪੈਸੇ ਨੱਪ ਲਵੋਗੇ ?

ਜਗੀਰ : ਬਾਬਾ ਜੀ ਤੁਸੀਂ ਸਾਡੇ ਬਜ਼ੁਰਗ ਹੋ, ਅਸੀਂ ਇਹਦੇ ਨਾਲ ਨਿੱਬੜ ਲਵਾਂਗੇ।

ਬਾਪੂ ਜੀ : ਨਿੱਬੜ ਕਿਸ ਤਰ੍ਹਾਂ ਲਵੋਗੇ, ਇਹਨੇ ਮੇਰੇ ਲਿਹਾਜ ਕਰਕੇ ਤੁਹਾਨੂੰ ਪੈਸੇ ਦਿੱਤੇ, ਹੁਣ ਤੁਹਾਡੇ ਕਰਕੇ ਸਾਡੇ ਘਰ ਵਿਚ ਭਸੂੜੀ ਪਈ ਏ, ਨਾ ਤੁਸੀਂ ਪੈਸੇ ਦਿੰਦੇ ਹੋ ਤੇ ਨਾ ਹੀ ਕੰਮ ਕਰਨਾ ਮੰਨਦੇ ਹੋ, ਕਿਉਂ ਸੁੱਚਿਆ ਮੈਂ ਠੀਕ ਕਿਹਾ ਏ ਨਾ ?

ਸੁੱਚਾ : ਇਹ ਬਾਪੂ ਜੀ ਮੈਂ ਤੁਹਾਡੇ ਮੂੰਹੋਂ ਕੀ ਪਿਆ ਸੁਣਦਾ ਹਾਂ ?

ਬਾਪੂ ਜੀ : ਇਹੋ ਹੀ ਜੋ ਕਿਸੇ ਪੁੱਤ ਨੂੰ ਆਪਣੇ ਬਾਪੂ ਦੇ ਮੂੰਹੋਂ ਸੁਣਨਾ ਚਾਹੀਦਾ

ਏ, ਤਾਂ ਜਗੀਰ ਸਿੰਹਾਂ ਕੀ ਤੁਸੀਂ ਪੈਸਾ ਨਹੀਂ ਲਿਆ ਤੇ ਇਹ ਨਹੀਂ ਆਖਿਆ ਕਿ ਜੱਗਾ ਅਤੇ ਬਿਸ਼ਨੀ ਕੰਮ ਕਰਕੇ ਲਾਹ ਦੇਣਗੇ ?

ਜਗੀਰ : ਲਿਆ ਸੀ ਤੇ ਇਹ ਵੀ ਕਿਹਾ ਸੀ ਜੱਗਾ ਅਤੇ ਬਿਸ਼ਨੀ ਕੰਮ ਕਰਕੇ ਲਾਹ ਦੇਣਗੇ।

ਜੱਗਾ : ਪਰ ਸਾਡਾ ਸਰਦਾਰ ਨਾਲ ਹੋਰ ਵੀ ਹਿਸਾਬ ਏ।

ਬਾਪੂ ਜੀ : ਹੋਰ ਹਿਸਾਬ ਕਾਹਦਾ ਏ ?

ਜੋਗਾ : ਉਹ ਅਸੀਂ ਉਥੇ ਦੱਸਾਂਗੇ– ਜਿਥੇ ਸਾਨੂੰ ਕੋਈ ਇਨਸਾਫ਼ ਦੇਣ ਵਾਲਾ ਮੁਨਸਫ਼ ਮਿਲੇ।

ਬਾਪੂ ਜੀ : ਮੇਰੇ ਉਤੇ ਇਤਬਾਰ ਨਹੀਂ ?

ਜਗੀਰ : ਤੁਹਾਡੇ ਉੱਤੇ ਸਾਨੂੰ ਪੂਰਾ ਇਤਬਾਰ ਏ। ਇਹ ਸਰਦਾਰ ਸੁੱਚਾ ਸਿੰਘ ਕੋਲੋਂ ਪੁੱਛ ਲਵੋ ਕਿ ਇਹਨੂੰ ਇਤਬਾਰ ਹੈ ਕਿ ਨਹੀਂ ?

ਬਾਪੂ ਜੀ : ਇਹਨੂੰ ਕਿਉਂ ਨਹੀਂ ਹੋਵੇਗਾ– ਇਹ ਮੇਰਾ ਪੁੱਤ ਏ–

ਸੁੱਚਾ ਸਿੰਘ : (ਥਿੜਕ ਕੇ) ਪਰ ?

ਬਾਪੂ ਜੀ : (ਸੁੱਚਾ ਸਿੰਘ ਨੂੰ ਰਾਜ਼ ਨਾਲ) ਤੂੰ ਹਾਂ ਕਹਿ ਦੇ ਅੱਜ ਰਕਮ ਦਾ ਨਬੇੜਾ ਹੋ ਜਾਏ (ਉੱਚੀ ਸਾਰੀ) ਕਿਉਂ ਸੁੱਚਿਆ, ਜੋ ਮੈਂ ਫ਼ੈਸਲਾ ਦੇਵਾਂਗਾ ਤੈਨੂੰ ਮਨਜ਼ੂਰ ਏ ਤੇ ਨਾਲੇ ਤੂੰ ਵੀ ਦੱਸਦੇ ਜੱਗਿਆ ?

ਜੱਗਾ : ਬਾਬਾ ਜੀ ਫ਼ੈਸਲਾ ਤਾਂ ਤੁਸੀਂ ਆਪਣੇ ਪੁੱਤ ਦੇ ਹੱਕ ਵਿਚ ਹੀ ਦੇਣਾ ਏ ਪਰ ਸਾਨੂੰ ਤੁਹਾਡਾ ਲਿਹਾਜ਼ ਏ– ਜੋ ਕਹੋਗੇ ਮੰਨ ਲਵਾਂਗੇ– ਇਹਦੇ ਕੋਲੋਂ ਵੀ ਪੁੱਛ ਲਵੋ।

ਸੁੱਚਾ ਸਿੰਘ : ਮੇਰੇ ਕੋਲੋਂ ਕੀ ਪੁੱਛਦੇ ਹੋ, ਜੋ ਬਾਪੂ ਜੀ ਕਹਿਣਗੇ– ਮੰਨ ਲਵਾਂਗਾ।

ਬਾਪੂ ਜੀ : (ਕਾਗਜ਼ ਕੱਢ ਕੇ) ਫੇਰ ਦੋਨੋਂ ਫ਼ਰੀਕ ਦਸਖ਼ਤ ਕਰ ਦੇਵੋ।

ਜਗੀਰ : ਦਸਖ਼ਤ ਦੀ ਕੀ ਲੋੜ ਏ– ਬਾਬਾ ਜੀ ਸਾਨੂੰ ਤੁਹਾਡੇ 'ਤੇ ਇਤਬਾਰ ਏ।

ਬਾਪੂ ਜੀ : ਨਹੀਂ ! ਨਾ ਮੈਂ ਹੁਣ ਤੁਹਾਡਾ ਬਾਬਾ ਜੀ ਹਾਂ ਤੇ ਨਾ ਹੀ ਇਹਦਾ ਬਾਪੂ ਜੀ ਹਾਂ– ਮੈਂ ਮੁਨਸਫ਼ ਹਾਂ– ਮੈਂ ਕਾਗਜ਼ 'ਤੇ ਲਿਖਿਆ ਹੈ ਕਿ "ਸਾਨੂੰ ਤੁਹਾਡਾ ਫ਼ੈਸਲਾ ਮਨਜ਼ੂਰ ਏ" (ਸੁੱਚਾ ਸਿੰਘ ਦਸਖ਼ਤ ਕਰਦਾ ਹੈ, ਜਗੀਰ ਵੀ ਕਰਨ ਲੱਗਦਾ ਹੈ।)

ਬਾਪੂ ਜੀ : ਬਿਸ਼ਨੀ ਨੂੰ ਵੀ ਬੁਲਾ ਲਵੋ।

ਜਗੀਰ : ਉਹ ਸਾਡੇ ਕਹੇ ਤੋਂ ਬਾਹਰ ਨਹੀਂ– ਤੇ ਨਾਲੇ ਤੀਵੀਆਂ ਨਹੀਂ ਇਹੋ ਜਿਹੀਆਂ ਗੱਲਾਂ 'ਚ ਬੋਲਦੀਆਂ ਹੁੰਦੀਆਂ।

ਬਿਸ਼ਨੀ : (ਆਉਂਦੇ ਹੋਏ) ਬੋਲਦੀਆਂ ਕਿਉਂ ਨਹੀਂ ? ਬਾਬਾ ਜੀ ਕਰਜ਼ੇ ਇਹ ਚੁੱਕਣ 'ਤੇ ਚੁਕਤਾ ਕਰਨ ਲਈ ਲੋਕਾਂ ਦੇ ਘਰ ਗੋਹਾ ਕੂੜਾ ਮੈਂ

ਚੁਕਦੀ ਫਿਰਾਂ।

ਜਗੀਰ : ਮੈਂ ਕਰਜ਼ਾ ਕੋਈ ਦਾਰੂ ਪੀਣ ਲਈ ਨਹੀਂ ਸੀ ਲਿਆ।

ਬਿਸ਼ਨੀ : ਮੇਰੀ ਖਾਤਰ ਵੀ ਨਹੀਂ ਸੀ ਲਿਆ– ਵਿਆਹ ਤੇਰੀ ਭੈਣ ਦਾ ਸੀ– ਮੇਰੀ ਦਾ ਨਹੀਂ ਸੀ।

ਜਗੀਰ : ਮੈਂ ਤੇਰੇ ਨਾਲ ਵਿਆਹ ਤਾਂ ਕੀਤਾ ਸੀ ਕਿ ਤੂੰ ਪੇਕਿਆਂ ਤੋਂ ਕੁਝ ਲੈ ਆਏਂਗੀ ਤੇ ਅਸੀਂ ਆਪਣੀ ਭੈਣ ਦਾ ਵਿਆਹ ਸੌਖਿਆਂ ਕਰ ਦੇਵਾਂਗੇ– ਪਰ ਮੈਨੂੰ ਕੀ ਪਤਾ ਸੀ ਕਿ ਨੰਗਾਂ ਨਾਲ ਵਾਹ ਪੈ ਜਾਏਗਾ ?

ਬਿਸ਼ਨੀ : ਮੈਂ ਤਾਂ ਸਭ ਕੁਝ ਲਿਆਈ ਸਾਂ– ਅੱਗੇ ਭੁੱਖ ਨੰਗ ਕਰਕੇ ਤੁਹਾਡੀ ਪੂਰੀ ਨਾ ਪਵੇ ਤਾਂ ਮੈਂ ਕੀ ਕਰਾਂ ?

ਬਾਪੂ ਜੀ : ਉਏ ਤੁਸੀਂ ਤਾਂ ਆਪਣਾ ਝਗੜਾ ਸ਼ੁਰੂ ਕਰ ਦਿੱਤਾ।

ਬਿਸ਼ਨੀ : ਬਾਬਾ ਜੀ ਹੁਣ ਫ਼ੈਸਲਾ ਕਰਨ ਬੈਠੇ ਹੋ ਤਾਂ ਇਸ ਗੱਲ ਦਾ ਵੀ ਫ਼ੈਸਲਾ ਕਰ ਦੇਵੋ ਕਿ ਨੰਗ ਇਹ ਨੇ ਕਿ ਨੰਗ ਮੇਰੇ ਪੇਕੇ ?

ਬਾਪੂ ਜੀ : ਅੱਛਾ ਇਹ ਵੀ ਕਰ ਦੇਵਾਂਗੇ– ਪਹਿਲਾਂ ਸਾਰੇ ਇਥੇ ਦਸਖ਼ਤ ਕਰੋ।

*(ਜਗੀਰ ਤੇ ਜੱਗਾ ਦਸਖ਼ਤ ਕਰਦੇ ਹਨ।)*

ਬਾਪੂ ਜੀ : ਤੂੰ ਬਿਸ਼ਨੀਏ ਦਸਤਖ਼ਤ ਕਰੇਂਗੀ ਕਿ ਗੂਠਾ ਲਾਏਂਗੀ ?

ਬਿਸ਼ਨੀ : ਗੂਠਾ ਕਿਉਂ ਲਾਊਂਗੀ ? ਬਾਪ ਨੇ ਚਾਰ ਜਮਾਤਾਂ ਪੜ੍ਹਾਈਆਂ ਸਨ– ਇਨ੍ਹਾਂ ਦੀ ਭੈਣ ਵਾਂਗ ਅਨਪੜ੍ਹ ਨਹੀਂ। (ਦਸਤਖ਼ਤ ਕਰਦੀ ਹੈ।)

ਬਾਪੂ ਜੀ : ਹੁਣ ਮੁਕੱਦਮਾ ਸ਼ੁਰੂ ਹੁੰਦਾ ਹੈ ਕਿਉਂਕਿ ਪੈਸੇ ਦੇਣ ਵਾਲਾ ਸੁੱਚਾ ਸਿੰਘ ਤੇ ਲੈਣ ਵਾਲਾ ਜਗੀਰ ਸਿੰਘ ਤੇ ਕੰਮ ਦਾ ਵਅਦਾ ਕਰਨ ਵਾਲੇ ਜੱਗਾ ਤੇ ਬਿਸ਼ਨੀ– ਇਸ ਲਈ ਸਭ ਦੇ ਦਸਤਖ਼ਤ ਮੈਂ ਕਰਵਾ ਲਏ ਹਨ– ਹਾਂ ਤੇ ਜਗੀਰ ਸਿੰਹਾਂ– ਤੂੰ ਚੰਦੋ ਦੇ ਵਿਆਹ ਤੇ ਸੁੱਚਾ ਸਿੰਘ ਕੋਲੋਂ ਇਕ ਹਜ਼ਾਰ ਦੀ ਰਕਮ ਫੜੀ ਸੀ ?

ਜਗੀਰ : ਮੈਂ ਕਦੋਂ ਮੁਕਰਦਾ ਹਾਂ ?

ਬਾਪੂ ਜੀ : ਤੈਨੂੰ ਮੁਕਰਨਾ ਚਾਹੀਦਾ ਵੀ ਨਹੀਂ ਤੇ ਤੂੰ ਇਹ ਵੀ ਕਿਹਾ ਸੀ ਕਿ ਇਹ ਜੱਗੇ ਦੇ ਸੀਰ ਰਲਣ ਦੀ ਅਗੇਤਰੀ ਰਕਮ ਏ ਤੇ ਸਾਲ ਦੇ ਅਖੀਰ ਵਿਚ ਅਖੀਰ ਜਦੋਂ ਹੋਵੇਗਾ ਤੇ ਇਹ ਰਕਮ ਕੱਟ ਲਈ ਜਾਵੇਗੀ ਪਰ ਜੱਗਾ ਹਰ ਮਹੀਨੇ ਕੁਝ ਹੋਰ ਰਕਮ ਵੀ ਲੈਂਦਾ ਰਿਹਾ ਤੇ ਤਿੰਨ ਮਹੀਨਿਆਂ ਬਾਅਦ ਹੀ ਕੰਮ ਛੱਡ ਦਿੱਤਾ। ਇਹਦੇ ਬਾਰੇ ਜੱਗਿਆ ਤੂੰ ਕੀ ਕਹਿਨਾ ਏਂ ?

ਜੱਗਾ : ਮੈਂ ਕੰਮ ਛੱਡ ਦਿੱਤਾ ਕਿਉਂਕਿ ਇਹ ਮੇਰੇ ਕੋਲੋਂ ਸ਼ਰਾਬ ਦਾ ਧੰਦਾ ਕਰਵਾਉਂਦਾ ਸੀ ਤੇ ਇਸ ਕਰਕੇ ਮੈਨੂੰ ਇਕ ਰਾਤ ਦੋ ਦਿਨ

ਹਵਾਲਾਤ ਰਹਿਣਾ ਪਿਆ ਤੇ ਭਰੀ ਸੱਥ ਵਿਚ ਗਿਣ ਕੇ 30 ਜੁੱਤੀਆਂ ਮੈਨੂੰ ਪਈਆਂ।

ਬਾਪੂ ਜੀ : ਫੇਰ ਜਿਹੜੀ ਰਕਮ ਤੂੰ ਲਈ ਉਹਦਾ ਕੀ ਬਣਿਆ ?

ਜੱਗਾ : ਉਹ ਵਿਚੋਂ ਮੇਰੇ ਹਿਸਾਬ ਨਾਲ 800/- ਦੀ ਰਕਮ ਪੂਰੀ ਹੋ ਗਈ ਏ 200/- ਮੈਂ ਪੂਰੇ ਕਰਨ ਲਈ ਹਰ ਵੇਲੇ ਤਿਆਰ ਹਾਂ।

ਬਾਪੂ : 800/- ਦੀ ਰਕਮ ਕਿਸ ਤਰ੍ਹਾਂ ਪੂਰੀ ਹੋ ਗਈ ?

ਜੱਗਾ : ਇਕ ਰਾਤ ਹਵਾਲਾਤ 'ਚ ਪਿੱਸੂਆਂ ਨੇ ਮੇਰਾ ਲਹੂ ਪੀਤਾ- ਦੋ ਦਿਨ ਮੈਂ ਗੰਦ ਤੇ ਮੂਤ ਵਿਚ ਪਿਆ ਰਿਹਾ। ਉਹਦਾ ਹਰਜਾਨਾ 500/- ਤੇ 30 ਜੁੱਤੀਆਂ ਜੋ ਖਾਧੀਆਂ ਉਹਦਾ ਹਰਜਾਨਾ 300/-

ਸੁੱਚਾ ਸਿੰਘ : ਪਰ ਮੈਂ ਹਰਜਾਨਾ ਕਿਉਂ ਭਰਾਂ ?

ਜੱਗਾ : ਕਿਉਂਕਿ ਬੋਤਲਾਂ ਤੇਰੀਆਂ ਸਨ।

ਬਾਪੂ ਜੀ : ਜੱਗਿਆ ਤੂੰ ਆਪਣੀ ਖਾਧੀ ਹੋਈ ਜੁੱਤੀ ਦਾ ਮੁੱਲ 10 ਰੁਪਏ ਪਾਇਆ ਹੈ, ਜੇਕਰ ਸੁੱਚਾ ਸਿੰਘ ਭਰੀ ਸੱਥ ਵਿਚ ਦਸ ਜੁੱਤੀਆਂ ਖਾ ਲਵੇ ਤਾਂ ਤੂੰ 100/- ਦੇਣ ਲਈ ਤਿਆਰ ਏਂ ?

ਜੱਗਾ : ਹਾਂ ਮੈਂ ਤਿਆਰ ਹਾਂ- ਇਹ ਦਸ ਨਹੀਂ ਸਿਰਫ਼ 5 ਖਾ ਲਏ- ਵੱਡਾ ਬੰਦਾ ਏ, ਮੈਂ ਇਹਨੂੰ ਵੱਜੀ ਜੁੱਤੀ ਦਾ ਮੁੱਲ ਵੀਹ ਰੁਪਏ ਪਾਉਣ ਲਈ ਤਿਆਰ ਹਾਂ।

ਸੁੱਚਾ ਸਿੰਘ : ਬਾਪੂ ਜੀ ਗੱਲ ਮੇਰੀ ਦਿੱਤੀ ਹੋਈ ਰਕਮ ਦੀ ਹੋ ਰਹੀ ਏ, ਇਹ ਜੁੱਤੀਆਂ ਦਾ ਹਿਸਾਬ ਕੀ ਸ਼ੁਰੂ ਹੋ ਗਿਆ ਏ ?

ਬਾਪੂ ਜੀ : ਬਰਖ਼ੁਰਦਾਰ ! ਇਸ ਮੁਕੱਦਮੇ ਵਿਚ ਰਕਮ ਤੇ ਜੁੱਤੀਆਂ ਆਪਸ ਵਿਚ ਜੁੜੇ ਹੋਏ ਨੇ- ਤੂੰ ਜੱਗਿਆ ਹਵਾਲਾਤ ਵਿਚ ਰਹਿਣ ਦਾ ਹਰਜਾਨਾ 500/- ਕਿਸ ਤਰ੍ਹਾਂ ਰੱਖਿਆ।

ਜੱਗਾ : ਕਿਉਂਕਿ ਇਕ ਰਾਤ ਤੁਸੀਂ ਹਵਾਲਾਤ ਵਿਚ ਰਹੋ ਤਾਂ ਪਿੱਸੂ ਏਨਾ ਕੁ ਲਹੂ ਜ਼ਰੂਰ ਚੂਸ ਲੈਂਦੇ ਨੇ ਕਿ ਫੇਰ 500/- ਦੀ ਖ਼ੁਰਾਕ ਵੀ ਖਾਓ ਤਾਂ ਵੀ ਪੂਰਾ ਨਹੀਂ ਹੁੰਦਾ।

ਬਾਪੂ ਜੀ : ਤੇਰਾ ਕੀ ਮਤਲਬ ਏ ਕਿ ਜੇਕਰ ਸੁੱਚਾ ਸਿੰਘ ਇਕ ਰਾਤ ਐਸੀ ਥਾਂ 'ਤੇ ਰਹੇ ਜਿਥੇ ਲੈਣ ਵਾਲੇ ਕੰਬਲ ਵਿਚ, ਹਵਾਲਾਤ ਦੇ ਕੰਬਲਾਂ ਵਾਲੇ ਪਿੱਸੂ ਹੋਣ- ਜਿਥੇ ਨੁੱਕਰ ਵਿਚ ਮੈਲ ਦਾ ਢੇਰ ਹੋਵੇ ਤਾਂ ਪਿਸ਼ਾਬ ਦੀ ਗੰਦੀ ਬਦਬੂ ਹੋਵੇ ਤਾਂ ਤੂੰ ਉਹਨੂੰ 500/- ਦੇਣ ਲਈ ਤਿਆਰ ਏਂ ?

ਜੱਗਾ : ਮੈਂ ਰਕਮ ਦੇਣ ਲਈ ਤਿਆਰ ਹਾਂ ਕਿਉਂਕਿ ਸਰਦਾਰ ਵੱਡਾ ਬੰਦਾ ਏ ਤੇ ਇਹਦੀ ਤਕਲੀਫ਼ ਦਾ ਮੁੱਲ ਬਹੁਤ ਪੈਣਾ ਚਾਹੀਦਾ ਏ- ਇਹ 4 ਘੰਟੇ ਰਹਿ ਲਵੇ ਇਹਨੂੰ 500/- ਮਿਲ ਜਾਏਗਾ।

ਬਾਪੂ ਜੀ : ਕਿਉਂ ਸੁੱਚਿਆ ਤੈਨੂੰ ਮਨਜ਼ੂਰ ਏ ?

ਸੁੱਚਾ : ਕੀ ਮਨਜ਼ੂਰ ਏ ?

ਬਾਪੂ ਜੀ : ਜੋ ਮੈਂ ਕਿਹਾ ਏ ਤੇ ਜੋ ਜੱਗੇ ਨੇ ਕਿਹਾ ਏ ਕਿ ਤੇਰੀ 800/– ਦੀ ਰਕਮ ਤੈਨੂੰ ਮਿਲ ਸਕਦੀ ਏ ਜੇ ਤੂੰ 4 ਘੰਟੇ ਰਾਤ ਕਿਸੇ ਐਸੀ ਜਗ੍ਹਾ ਅੰਦਰ ਡੱਕਿਆ ਰਹੇਂ ਜਿਥੇ ਕੰਬਲ ਵਿਚ ਪਿੱਸੂ ਹੋਣ ਤੇ ਨਾਲ ਹੀ ਨੁੱਕਰ ਵਿਚ ਮੈਲ ਦਾ ਢੇਰ ਹੋਵੇ ਤੇ ਪਿਸ਼ਾਬ ਦੀ ਗੰਦੀ ਬੋ ਹੋਵੇ ਤੇ ਫੇਰ ਤੂੰ ਭਰੀ ਸੱਥ ਵਿਚ 10 ਜੁੱਤੀਆਂ ਖਾ ਲਵੇ।

ਸੁੱਚਾ : ਮੈਨੂੰ ਸਭ ਇਹ ਮਨਜ਼ੂਰ ਨਹੀਂ।

ਬਾਪੂ ਜੀ : ਇਹਦਾ ਮਤਲਬ ਕਿ ਤੂੰ 800/– ਰੁਪਏ ਦੀ ਰਕਮ ਕਬੂਲ ਕਰ ਲਈ ਹੈ?

ਸੁੱਚਾ ਸਿੰਘ : ਮੈਂ ਕੁਝ ਨਹੀਂ ਕਬੂਲ ਕੀਤਾ ਪਰ 200/– ਤਾਂ ਇਹਨੇ ਦੇਣੇ ਮੰਨੇ ਨੇ– ਉਹ ਤਾਂ ਦਿਲਵਾਓ।

ਬਾਪੂ ਜੀ : ਉਹ ਮੇਰੀ ਇਨਸਾਫ਼ ਕਰਨ ਦੀ ਫ਼ੀਸ ਹੋਵੇਗੀ।

ਸੁੱਚਾ ਸਿੰਘ : ਤੁਹਾਡਾ ਇਨਸਾਫ਼ ਲੈਂਦਾ ਕੌਣ ਏ ? ਤੁਹਾਨੂੰ ਮੁਨਸਫ਼ ਮੰਨਦਾ ਕੌਣ ਏ ? ਮੈਂ ਤਾਂ ਇਕ–ਇਕ ਨੂੰ ਵੇਖਾਂਗਾ।

ਬਾਪੂ ਜੀ : ਲਓ ਸੁਣ ਲਵੋ– ਇਹ ਉਸ ਮੁਨਸਫ਼ ਦੀ ਹੱਤਕ ਕਰ ਰਿਹਾ ਹੈ ਜਿਸ ਨੂੰ ਹੁਣੇ ਆਪਣੇ ਦਸਖ਼ਤਾਂ ਥੱਲੇ ਇਨਸਾਫ਼ ਕਰਨ ਲਈ ਮੰਨਿਆ ਸੀ ਤੇ ਇਸ ਹੱਤਕ ਦੀ ਸਜ਼ਾ ਇਹਨੂੰ ਮਿਲਣੀ ਚਾਹੀਦੀ ਹੈ।

ਜਗੀਰ, ਜੱਗਾ ਤੇ ਬਿਸ਼ਨੀ : ਕੀ ?

ਬਾਪੂ ਜੀ : ਜਗੀਰ ਤੇ ਜੱਗਾ ਇਹਨੂੰ ਪਕੜਨਗੇ ਤੇ ਬੀਬੀ ਬਿਸ਼ਨੀ ਇਹਦੇ ਗਲ ਵਿਚ ਜੁੱਤੀਆਂ ਦਾ ਹਾਰ ਪਾਵੇਗੀ।

*(ਸੁੱਚਾ ਸਿੰਘ ਨੱਸਣ ਦੀ ਮੁਦਰਾ ਵਿਚ; ਜਗੀਰ, ਜੱਗਾ ਉਹਨੂੰ ਫੜਨ ਦੀ ਮੁਦਰਾ ਵਿਚ ਅਤੇ ਬਿਸ਼ਨੀ ਜੁੱਤੀਆਂ ਦਾ ਹਾਰ ਪਾਉਣ ਦੀ ਮੁਦਰਾ ਵਿਚ ਫਰੀਜ਼ ਹੁੰਦੇ ਹਨ।)*

*(ਪਲ ਦਾ ਪਲ)*

ਸੁੱਚਾ ਸਿੰਘ : ਬਾਪੂ ਜੀ ਇਹ ਤੁਸੀਂ ਮੇਰੇ ਨਾਲ ਚੰਗੀ ਕੀਤੀ ਏ ?

ਬਾਪੂ ਜੀ : ਬਰਖ਼ੁਰਦਾਰ ! ਇਹ ਤੇਰਾ ਤੇ ਤੇਰੇ ਵਰਗਿਆਂ ਦਾ ਭਵਿੱਖ ਏ।

*(ਸਮਾਪਤ)*